@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 20 December 2024

VISIT: www.qaumipatrika.org Email: qpatrika@gmail.com

Punjabi National Daily Qaumi Patrika NO.1

ਨਵੀਂ ਦਿੱਲੀ: ਸ਼ੁੱਕਰਵਾਰ 20 ਦਸੰਬਰ 2024, 6 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 40, qpatrika@gmail.com ਫੋਨ : 9971359517 www.qaumipatrika.org

## 'ਮੈਂ ਸੁਪਨੇ 'ਚ ਵੀ ਅੰਬੇਡਕਰ ਦਾ ਅਪਮਾਨ ਨਹੀਂ ਕਰ ਸਕਦਾ': ਅਮਿਤ ਸ਼ਾਹ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 19 ਦਸੰਬਰ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਾਂਗਰਸ ਨੂੰ ਘੇਰਿਆ। ਜੇ.ਪੀ. ਨੱਢਾ ਅਤੇ ਅਸ਼ਵਨੀ ਵੈਸ਼ਨਵ ਦੇ ਨਾਲ ਸਾਂਝੀ ਪ੍ਰੈਸ ਕਾਨਫਰੰਸ ਕਰਕੇ ਅਮਿਤ ਸ਼ਾਹ ਨੇ ਕਿਹਾ ਕਿ ਲੋਕ ਸਭਾ ਅਤੇ ਰਾਜ ਸਭਾ 'ਚ ਸੰਵਿਧਾਨ ਦੇ 75 ਸਾਲ ਪੂਰੇ ਹੋਣ 'ਤੇ ਚਰਚਾ ਦਾ ਆਯੋਜਨ ਹੋਇਆ। ਇਸ ਵਿਚ 75 ਸਾਲਾਂ ਦੀ ਦੇਸ਼ ਨੂੰ ਗੌਰਵ ਯਾਤਰਾ, ਵਿਕਾਸ ਯਾਤਰਾ ਅਤੇ ਪ੍ਰਾਪਤੀਆਂ ਦੀ ਚਰਚਾ ਹੋਈ। ਇਹ ਸੁਭਾਵਿਕ ਹੈ ਕਿ ਸੰਸਦ ਵਿੱਚ ਪਾਰਟੀਆਂ ਅਤੇ ਵਿਰੋਧੀ ਧਿਰਾਂ ਹੁੰਦੀਆਂ ਹਨ ਅਤੇ ਲੋਕਾਂ ਦੇ ਆਪਣੇ ਵਿਚਾਰ ਹੁੰਦੇ ਹਨ ਪਰ ਜਦੋਂ ਸੰਸਦ 'ਚ ਚਰਚਾ ਹੁੰਦੀ ਹੈ ਤਾਂ ਤੱਥਾਂ ਅਤੇ ਸੱਚਾਈ 'ਤੇ ਆਧਾਰਿਤ ਹੋਣੀ ਚਾਹੀਦੀ ਹੈ ਪਰ ਜਿਸ ਤਰ੍ਹਾਂ ਕਾਂਗਰਸ ਨੇ ਕੱਲ੍ਹ ਤੋਂ ਤੱਥਾਂ ਨੂੰ ਤੋੜ-ਮਰੋੜ ਕੇ ਪੇਸ ਕੀਤਾ ਹੈ, ਉਸ ਦੀ ਮੈਂ ਸਖਤ ਨਿੰਦਾ ਕਰਦਾ ਹਾਂ। ਗ੍ਰਹਿ ਮੰਤਰੀ ਨੇ ਕਿਹਾ ਕਿ ਅਜਿਹਾ ਇਸ ਲਈ ਹੋਇਆ ਕਿਉਂਕਿ ਭਾਜਪਾ ਬੁਲਾਰਿਆਂ ਨੇ ਦੱਸਿਆ ਕਿ ਕਾਂਗਰਸ ਅੰਬੇਡਕਰ ਵਿਰੋਧੀ ਪਾਰਟੀ ਹੈ, ਸੰਵਿਧਾਨ ਵਿਰੋਧੀ ਹੈ। ਕਾਂਗਰਸ ਨੇ ਸਾਵਰਕਰ ਜੀ ਦਾ ਅਪਮਾਨ ਕੀਤਾ। ਕਾਂਗਰਸ ਨੇ ਐਮਰਜੈਂਸੀ ਲਗਾ ਕੇ ਸੰਵਿਧਾਨ ਨੂੰ ਲਤਾੜਿਆ। ਕਾਂਗਰਸ ਨੇ ਭਾਰਤੀ ਫੌਜਾਂ ਦਾ ਅਪਮਾਨ ਕੀਤਾ। ਕਾਂਗਰਸ ਨੇ ਭਾਰਤ ਦੀ ਧਰਤੀ ਖੋਹ ਦਿੱਤੀ। ਜਦੋਂ ਇਹ ਗੱਲ ਸੰਸਦ ਵਿੱਚ ਸਾਬਤ ਹੋ ਗਈ ਤਾਂ ਕਾਂਗਰਸ ਨੇ ਝੂਠ ਫੈਲਾਉਣਾ ਸੁਰੂ ਕਰ ਦਿੱਤਾ। ਕਾਂਗਰਸ ਪਾਰਟੀ ਅੰਬੇਡਕਰ ਵਿਰੋਧੀ ਹੈ। ਕਾਂਗਰਸ ਪਾਰਟੀ ਸੰਵਿਧਾਨ ਵਿਰੋਧੀ ਹੈ। ਕਾਂਗਰਸ ਨੇ ਫੌਜ ਦੇ ਸਹੀਦਾਂ ਦਾ



ਅਪਮਾਨ ਕੀਤਾ। ਕਾਂਗਰਸ ਸਾਵਰਕਰ ਵਿਰੋਧੀ ਹੈ। ਬਾਬਾ ਸਾਹਿਬ ਦੀ ਗੈਰਹਾਜਰੀ ਤੋਂ ਬਾਅਦ ਵੀ ਕਾਂਗਰਸ ਨੇ ਬਾਬਾ ਸਾਹਿਬ ਨੂੰ ਕਦੇ ਸਤਿਕਾਰ ਨਹੀਂ ਦਿੱਤਾ। ਪੰਡਿਤ ਜੀ (ਨਹਿਰੂ) ਦੀਆਂ ਕਈ ਕਿਤਾਬਾਂ ਵਿੱਚ ਲਿਖਿਆ ਹੈ ਕਿ ਉਨ੍ਹਾਂ ਨੇ ਬਾਬਾ ਸਾਹਿਬ ਨੂੰ ਕਦੇ ਵੀ ਸਹੀ ਥਾਂ ਨਹੀਂ ਦਿੱਤੀ। ਅਮਿਤ ਸਾਹ ਨੇ ਕਿਹਾ ਕਿ ਕਾਂਗਰਸ ਨੇ ਬਾਬਾ ਸਾਹਿਬ ਨੂੰ ਭਾਰਤ ਰਤਨ ਨਹੀਂ ਦਿੱਤਾ। ਪੰਡਿਤ ਨਹਿਰੂ ਨੇ ਆਪਣੇ ਆਪ ਨੂੰ ਭਾਰਤ ਰਤਨ ਦਿੱਤਾ, ਕਾਂਗਰਸ ਨੇ ਆਪਣੇ ਨੇਤਾਵਾਂ ਨੂੰ ਭਾਰਤ ਰਤਨ ਦਿੱਤਾ। 1990 ਤੱਕ ਉਨ੍ਹਾਂ ਨੇ ਇਹ ਯਕੀਨੀ ਬਣਾਇਆ ਕਿ ਅੰਬੇਡਕਰ ਜੀ ਨੂੰ ਭਾਰਤ ਰਤਨ ਨਾ ਮਿਲੇ। ਮੇਰੇ ਬਿਆਨਾਂ ਨੂੰ ਗਲਤ ਤਰੀਕੇ ਨਾਲ ਪੇਸ ਕੀਤਾ ਗਿਆ। ਕਾਂਗਰਸ ਝੂਠੀਆਂ ਖਬਰਾਂ ਫੈਲਾਉਂਦੀ ਹੈ। ਮੈਂ ਕਦੇ ਵੀ ਅੰਬੇਡਕਰ ਜੀ ਦੇ ਖਿਲਾਫ ਨਹੀਂ ਬੋਲ ਸਕਦਾ। ਕਾਂਗਰਸ ਨੇ ਰਾਜ ਸਭਾ ਵਿੱਚ ਮੇਰੇ ਬਿਆਨਾਂ ਨੂੰ ਗਲਤ ਤਰੀਕੇ ਨਾਲ ਪੇਸ ਕੀਤਾ। ਜਿੱਥੋਂ ਤੱਕ ਭਾਰਤ ਰਤਨ ਦੇਣ ਦਾ ਸਵਾਲ ਹੈ, ਕਾਂਗਰਸੀ ਆਗੂ ਕਈ ਵਾਰ ਖੁਦ ਹੀ ਆਪਣੇ ਆਪ ਨੂੰ ਭਾਰਤ ਰਤਨ ਦੇ ਚੁੱਕੇ ਹਨ। 1955 ਵਿੱਚ ਨਹਿਰੂ ਜੀ ਨੇ ਖੁਦ ਨੂੰ ਭਾਰਤ ਰਤਨ ਦਿੱਤਾ, 1971 ਵਿੱਚ ਇੰਦਰਾ ਜੀ ਨੇ ਖੁਦ ਨੂੰ ਭਾਰਤ ਰਤਨ ਦਿੱਤਾ ਪਰ ਬਾਬਾ ਸਾਹਿਬ ਨੂੰ 1990 ਵਿੱਚ ਭਾਰਤ ਰਤਨ ਮਿਲਿਆ ਜਦੋਂ ਕਾਂਗਰਸ ਸੱਤਾ ਵਿੱਚ ਨਹੀਂ ਸੀ ਅਤੇ ਭਾਜਪਾ ਦੇ ਸਮਰਥਨ ਵਾਲੀ ਸਰਕਾਰ ਸੀ। 1990 ਤੱਕ ਕਾਂਗਰਸ ਬਾਬਾ ਸਾਹਿਬ ਨੂੰ ਭਾਰਤ ਰਤਨ ਦੇਣ ਤੋਂ ਰੋਕਣ ਦੀ ਕੋਸ਼ਿਸ਼ ਕਰਦੀ ਰਹੀ। ਇੱਥੋਂ ਤੱਕ ਕਿ ਬਾਬਾ ਸਾਹਿਬ ਦੀ 100ਵੀਂ ਜਯੰਤੀ ਮਨਾਉਣ ਦੀ ਮਨਾਹੀ ਸੀ। ਉਨ੍ਹਾਂ ਕਿਹਾ ਕਿ ਜਵਾਹਰ ਲਾਲ ਨਹਿਰੂ ਦੀ ਕਿਤਾਬ 'ਚ ਇਕ ਹੋਰ ਜ਼ਿਕਰ ਆਉਂਦਾ ਹੈ। ਨਹਿਰੂ ਜੀ ਦੇ ਭਰੋਸੇ ਦੇ ਬਾਵਜੂਦ ਅੰਬੇਡਕਰ ਜੀ ਨੂੰ ਕੋਈ ਅਹਿਮ ਵਿਭਾਗ ਨਹੀਂ ਦਿੱਤਾ ਗਿਆ।

## ਕਿਸਾਨਾਂ ਦੀ ਜਾਇਜ ਮੰਗਾਂ ਨੂੰ ਸੁਣਨ ਲਈ ਤਿਆਰ ਹਾਂ, ਕੋਰਟ ਦੇ ਦਰਵਾਜੇ ਖੁੱਲ੍ਹੇ ਹਨ

ਨਵੀਂ ਦਿੱਲੀ 19 ਦਸੰਬਰ। ਘੱਟੋ-ਘੱਟ ਸਮਰਥਨ ਮੁੱਲ () ਦੀ ਕਾਨੂੰਨੀ ਗਾਰੰਟੀ ਨੂੰ ਲੈ ਕੇ ਕਿਸਾਨਾਂ ਦਾ ਅੰਦੋਲਨ ਜਾਰੀ ਹੈ। ਕਿਸਾਨਾਂ ਵਲੋਂ ਅੱਜ ਦੁਪਹਿਰ 12 ਤੋਂ 3 ਵਜੇ ਤੱਕ ਪੰਜਾਬ 'ਚ ਰੇਲਾਂ ਰੋਕੀਆਂ ਗਈਆਂ। ਸ਼ੰਭੂ ਬਾਰਡਰ ਬੰਦ ਹੋਣ ਅਤੇ ਪੰਜਾਬ ਹਰਿਆਣਾ ਦੀ ਸਰਹੱਦ 'ਤੇ ਚੱਲ ਰਹੇ ਅੰਦੋਲਨ ਨੂੰ ਲੈ ਕੇ ਸੁਪਰੀਮ ਕੋਰਟ 'ਚ ਅਹਿਮ ਸੁਣਵਾਈ ਹੋਈ। ਜਿਸ 'ਚ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੇ ਵਕੀਲ ਹਾਜ਼ਰ ਹੋਏ। ਕੋਰਟ ਨੇ ਸੁਣਵਾਈ ਦੀ ਸ਼ੁਰੂਆਤ ਵਿਚ ਹੀ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਦੀ ਜਾਣਕਾਰੀ ਮੰਗੀ, ਜੋ ਕਿ ਖਨੌਰੀ ਬਾਰਡਰ 'ਤੇ ਪਿਛਲੇ 23 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਹਨ। ਸੁਣਵਾਈ ਦੌਰਾਨ ਕੋਰਟ ਨੇ ਕਿਹਾ ਕਿ ਡੱਲੇਵਾਲ ਦੀ ਜਾਨ ਬਹੁਤ ਕੀਮਤੀ ਹੈ। ਪੰਜਾਬ ਸਰਕਾਰ ਨੇ ਬੁੱਧਵਾਰ ਨੂੰ ਸੁਪਰੀਮ ਕੋਰਟ ਨੂੰ ਸੂਚਿਤ ਕੀਤਾ ਕਿ ਉਸ ਨੇ ਖਨੌਰੀ ਬਾਰਡਰ 'ਤੇ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਅਤੇ ਹੋਰ ਕਿਸਾਨਾਂ ਨਾਲ ਵਿਸਥਾਰਪੂਰਵਕ ਮੀਟਿੰਗਾਂ ਕੀਤੀਆਂ ਪਰ ਉਨ੍ਹਾਂ ਵੱਲੋਂ ਗਠਿਤ ਉੱਚ ਪੱਧਰੀ ਕਮੇਟੀ ਨਾਲ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ। ਜਸਟਿਸ ਸੂਰਿਆਕਾਂਤ ਅਤੇ ਜਸਟਿਸ ਉੱਜਲ ਭੂਈਆਂ ਦੀ ਬੈਂਚ ਨੇ ਕਿਹਾ ਕਿ ਕੋਰਟ ਕਿਸਾਨਾਂ ਦੀਆਂ ਮੰਗਾਂ ਸੁਣਨ ਲਈ ਤਿਆਰ ਹੈ। ਬੈਂਚ ਨੇ ਕਿਹਾ ਕਿ ਅਸੀਂ ਸਪੱਸਟ ਕਰਦੇ ਹਾਂ ਕਿ ਕਿਸਾਨਾਂ ਵੱਲੋਂ ਸਿੱਧੇ ਤੌਰ 'ਤੇ ਜਾਂ ਆਪਣੇ ਅਧਿਕਾਰਤ



ਨੁਮਾਇੰਦਿਆਂ ਰਾਹੀਂ ਦਿੱਤੇ ਕਿਸੇ ਵੀ ਸੁਝਾਅ ਜਾਂ ਮੰਗ ਲਈ ਅਦਾਲਤ ਦੇ ਦਰਵਾਜੇ ਹਮੇਸਾ ਖੁੱਲ੍ਹੇ ਹਨ। ਪੰਜਾਬ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਵੱਲੋਂ ਬੈਂਚ ਨੂੰ ਦੱਸਿਆ ਗਿਆ ਕਿ ਕਮੇਟੀ ਨੇ ਉਨ੍ਹਾਂ ਨੂੰ 17 ਦਸੰਬਰ ਨੂੰ ਸੱਦਿਆ ਸੀ ਪਰ ਪ੍ਰਦਰਸਨਕਾਰੀ ਕਿਸਾਨਾਂ ਨੇ ਉਨ੍ਹਾਂ ਨਾਲ ਗੱਲ ਨਹੀਂ ਕੀਤੀ। ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਨੂੰ ਮਨਾਉਣ ਲਈ ਰੋਜਾਨਾ ਯਤਨ ਕਰ ਰਹੀ ਹੈ।

## ਆਧੁਨਿਕ ਭਾਰਤ ਦੇ ਭਗਵਾਨ ਤੋਂ ਘੱਟ ਨਹੀਂ ਅੰਬੇਡਕਰ: ਕੇਜਰੀਵਾਲ

ਨਵੀਂ ਦਿੱਲੀ 19 ਦਸੰਬਰ। ਆਮ ਆਦਮੀ ਪਾਰਟੀ (ਆਪ) ਦੇ ਰਾਸਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵੀਰਵਾਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ 'ਤੇ ਸੰਸਦ 'ਚ ਬਾਬਾ ਸਾਹਿਬ ਅੰਬੇਡਕਰ ਬਾਰੇ ਕੀਤੀ ਟਿੱਪਣੀ ਨੂੰ ਲੈ ਕੇ ਨਿਸਾਨਾ ਵਿੰਨ੍ਹਿਆ ਅਤੇ ਕਿਹਾ ਕਿ ਅੰਬੇਡਕਰ ਆਧੁਨਿਕ ਭਾਰਤ ਲਈ ਕਿਸੇ ਭਗਵਾਨ ਤੋਂ ਘੱਟ ਨਹੀਂ ਹਨ। ਕੇਜਰੀਵਾਲ ਨੇ ਇੱਥੇ ਮੰਦਰ ਮਾਰਗ 'ਤੇ ਭਗਵਾਨ ਵਾਲਮੀਕਿ ਮੰਦਰ ਦੇ ਦਰਸ਼ਨਾਂ ਦੌਰਾਨ ਕਿਹਾ ਤੁਹਾਨੂੰ ਬਾਬਾ ਸਾਹਿਬ ਅਤੇ ਭਾਜਪਾ 'ਚੋਂ ਇਕ ਨੂੰ ਚੁਣਨਾ ਹੋਵੇਗਾ। ਜੋ ਬਾਬਾ ਸਾਹਿਬ ਨੂੰ ਕਰੇ ਪਿਆਰ, ਉਹ ਭਾਜਪਾ ਨੂੰ ਕਰੇ ਇਨਕਾਰ। ਕੇਜਰੀਵਾਲ ਨੇ ਕਿਹਾ ਕਿ ਪਹਿਲਾਂ ਮੈਂ ਸੋਚਿਆ ਕਿ ਇਹ ਸ਼ਬਦ ਉਨ੍ਹਾਂ ਦੇ ਮੂੰਹੋਂ ਨਿਕਲਿਆ ਹੋਵੇਗਾ ਪਰ ਅਗਲੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਸਾਹ ਦਾ ਸਮਰਥਨ ਕੀਤਾ। ਕੇਜਰੀਵਾਲ ਨੇ ਦਾਅਵਾ ਕੀਤਾ ਕਿ ਇਸ ਤੋਂ ਪਤਾ ਚੱਲਦਾ ਹੈ ਕਿ ਸਾਹ ਨੇ ਜਾਣਬੁੱਝ ਕੇ ਸੰਸਦ ਵਿਚ ਇਹ ਸੰਦੇਸ ਦੇਣ ਲਈ ਕਿਹਾ ਕਿ ਉਹ ਅੰਬੇਡਕਰ ਬਾਰੇ ਕਿਵੇਂ ਮਹਿਸੂਸ ਕਰਦੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੋ ਵਿਅਕਤੀਆਂ ਨੂੰ ਆਪਣਾ ਸਭ ਤੋਂ ਵੱਡਾ ਆਦਰਸ਼ ਮੰਨਦੀ ਹੈ- ਅੰਬੇਡਕਰ ਅਤੇ ਭਗਤ ਸਿੰਘ। ਦਿੱਲੀ ਸਰਕਾਰ ਅਤੇ ਪੰਜਾਬ ਸਰਕਾਰ ਵਿਚ ਅਸੀਂ ਹੁਕਮ ਜਾਰੀ ਕੀਤੇ ਹਨ ਕਿ ਇਨ੍ਹਾਂ ਦੋਵਾਂ ਦੀਆਂ ਤਸਵੀਰਾਂ ਹਰ ਦਫਤਰ 'ਚ ਲਗਾਈਆਂ ਜਾਣ। ਦੱਸ ਦੇਈਏ ਕਿ ਸਾਹ ਨੇ ਰਾਜ ਸਭਾ 'ਚ ਸੰਵਿਧਾਨ 'ਤੇ ਚਰਚਾ ਦੌਰਾਨ ਕਿਹਾ ਸੀ ਕਿ ਹੁਣ ਇਕ ਫੈਸਨ ਬਣ ਗਿਆ ਹੈ- ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ।

## ਤ੍ਰਿਣਮੂਲ ਤੇ ਮਾਕਪਾ ਨੇ ਰਾਜ ਸਭਾ 'ਚ ਸਰਕਾਰ ਨੂੰ ਮਣੀਪੁਰ ਦੇ ਮੁੱਦੇ 'ਤੇ ਘੇਰਿਆ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ, 19 ਦਸੰਬਰ। ਮਣੀਪੁਰ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਘੇਰਦੇ ਹੋਏ ਰਾਜ ਸਭਾ ਵਿਚ ਤ੍ਰਿਣਮੂਲ ਕਾਂਗਰਸ ਅਤੇ ਮਾਕਪਾ ਨੇ ਦੋ ਟੁੱਕ ਸ਼ਬਦਾਂ ਵਿਚ ਕਿਹਾ ਕਿ ਸੰਵਿਧਾਨ ਦੀ 75 ਸਾਲ ਦੀ ਸ਼ਾਨਦਾਰ ਯਾਤਰਾ 'ਤੇ ਚਰਚਾ ਵਿਚ ਮਣੀਪੁਰ ਨੂੰ ਹਾਸ਼ੀਏ ਵਿਚ ਪਾ ਦੇਣਾ ਠੀਕ ਨਹੀਂ ਹੈ। ਰਾਜ ਸਭਾ ਵਿਚ ਹੋ ਰਹੀ ਚਰਚਾ ਦੇ ਦੂਜੇ ਦਿਨ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਜਾਨ ਬ੍ਰਿਟਾਸ ਨੇ ਕਿਹਾ ਕਿ ਸੰਵਿਧਾਨ ਦੇ 75 ਸਾਲਾਂ ਦੀ ਯਾਤਰਾ ਬਹੁਤ ਮਾਣ ਵਾਲੀ ਹੈ। ਪਰ ਇਸ ਸਰਕਾਰ ਨੇ ਹਮੇਸਾ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ 65 ਸਾਲਾਂ ਵਿਚ ਦੇਸ ਵਿਚ ਕੋਈ ਵਿਕਾਸ ਨਹੀਂ ਹੋਇਆ, ਜੋ ਵੀ ਵਿਕਾਸ ਹੋਇਆ ਉਹ ਇਸ ਸਰਕਾਰ ਦੇ 10 ਸਾਲਾਂ ਦੇ ਕਾਰਜਕਾਲ ਦੌਰਾਨ ਹੀ ਹੋਇਆ। ਬ੍ਰਿਟਾਸ ਨੇ ਵਿਅੰਗ ਕਰਦੇ ਹੋਏ ਕਿਹਾ ਕਿ ਪਿਛਲੀ ਵਾਰ ਇਕ ਚਰਚਾ 'ਚ ਆਪਣਾ ਪੱਖ ਪੇਸ ਕਰਦੇ ਹੋਏ ਮੈਂ ਗ੍ਰਹਿ ਮੰਤਰੀ ਅਮਿਤ ਸਾਹ ਨੂੰ ਕਿਹਾ ਸੀ ਕਿ ਨਹਿਰੂ ਲਈ ਇਕ ਮੰਤਰਾਲਾ ਬਣਾ ਦਿੱਤਾ ਜਾਵੇ ਤਾਂ ਜੋ ਇਕ ਮੰਤਰੀ ਉਨ੍ਹਾਂ ਦੀਆਂ ਗਲਤੀਆਂ ਨੂੰ ਸੁਧਾਰਦਾ ਰਹੇ। ਉਨ੍ਹਾਂ ਕਿਹਾ ਕਿ ਕਿੰਨਾ ਚਿਰ ਸਰਕਾਰ ਹਰ ਸਮੱਸਿਆ ਲਈ ਜਵਾਹਰ ਲਾਲ ਨਹਿਰੂ ਨੂੰ ਜ਼ਿੰਮੇਵਾਰ ਠਹਿਰਾਉਂਦੀ ਰਹੇਗੀ? ਤੁਸੀਂ ਕੀ ਕੀਤਾ ਹੈ? ਮਾਕਪਾ ਦੇ ਮੈਂਬਰ ਨੇ ਕਿਹਾ ਕਿ ਅੱਜ ਦੇਸ ਵਿਚ ਅਣਐਲਾਨੀ ਐਮਰਜੈਂਸੀ ਹੈ। ਉਨ੍ਹਾਂ ਕਿਹਾ ਕਿ ਦੂਜੇ ਸਦਨ ਵਿਚ ਪ੍ਰਧਾਨ ਮੰਤਰੀ ਨੇ 10 ਮੰਤਰ ਦਿੰਦੇ ਹੋਏ ਖੁਦ ਕਿਹਾ ਹੈ ਕਿ ਸਾਨੂੰ ਆਪਣੇ ਫਰਜਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਜਦੋਂ ਤੁਸੀਂ ਫਰਜਾਂ ਦੀ ਗੱਲ ਕਰਦੇ ਹੋ ਤਾਂ ਤੁਸੀਂ ਆਪਣੇ ਫਰਜਾਂ ਦੀ ਪਾਲਣਾ ਕਿਉਂ ਨਹੀਂ ਕਰਦੇ? ਤੁਸੀਂ ਅੱਜ ਤੱਕ ਮਣੀਪੁਰ ਕਿਉਂ ਨਹੀਂ ਗਏ? ਤ੍ਰਿਣਮੂਲ ਕਾਂਗਰਸ ਦੀ ਸੁਸਮਿਤਾ ਦੇਵ ਨੇ ਚਰਚਾ ਵਿਚ ਹਿੱਸਾ ਲੈਂਦੇ ਹੋਏ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਨੇ ਸੰਵਿਧਾਨ ਰਾਹੀਂ ਦੇਸ 'ਚ ਸਾਰਿਆਂ ਨੂੰ ਬਰਾਬਰਤਾ ਦਾ ਅਧਿਕਾਰ ਦਿੱਤਾ। ਪਰ ਅੱਜ ਅਸੀਂ ਇਹ ਨਹੀਂ ਕਹਿ ਸਕਦੇ ਕਿ ਦੇਸ ਵਿਚ ਸਮਾਨਤਾ ਹੈ ਕਿਉਂਕਿ ਦੇਸ ਦੀ 40 ਫੀਸਦੀ ਜਾਇਦਾਦ ਇਕ ਫੀਸਦੀ ਲੋਕਾਂ ਦੇ ਹੱਥਾਂ ਵਿਚ ਹੈ। ਸੁਸਮਿਤਾ ਨੇ ਕਿਹਾ ਕਿ ਨੋਟਬੰਦੀ ਅਤੇ ਲਾਕਡਾਊਨ ਸਮੇਤ ਸਰਕਾਰ ਦੀਆਂ ਵਿਨਾਸਕਾਰੀ ਨੀਤੀਆਂ ਨੇ ਅਰਥਚਾਰੇ ਦੀ ਕਮਰ ਤੋੜ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਮਾਜਿਕ ਅਸਮਾਨਤਾ ਨੂੰ ਵੀ ਦੇਖੋ। ਭਾਜਪਾ ਦੇ ਕਈ ਸੰਸਦ ਮੈਂਬਰਾਂ ਨੇ ਸੰਵਿਧਾਨ 'ਤੇ ਚਰਚਾ ਵਿਚ ਆਪਣੀ-ਆਪਣੀ ਗੱਲ ਕਹੀ ਪਰ ਮਣੀਪੁਰ 'ਤੇ ਇਕ ਵੀ ਸੰਸਦ ਮੈਂਬਰ ਨਹੀਂ ਬੋਲਿਆ, ਸਾਰੇ ਚੁੱਪ ਰਹੇ।



# ਹਾਦਸਿਆਂ ਤੋਂ ਬਾਅਦ ਵੀ ਨਹੀਂ ਜਾਗਿਆ ਰੇਲਵੇ ਪ੍ਰਸਾਸਨ, ਹਾਦਸੇ ਵਾਲੇ ਟਰੈਕ 'ਤੇ 3 ਦਿਨ ਪਹਿਲਾਂ ਵੀ ਹੋਈ ਸੀ ਡੀਰੇਲਮੈਂਟ

ਜਲੰਧਰ 19 ਦਸੰਬਰ। ਰੇਲ ਗੱਡੀਆਂ ਦੀ ਡੀਰੇਲਮੈਂਟ (ਪੱਟੜੀ ਤੋਂ ਉੱਤਰਨਾ) ਕੋਈ ਨਵੀਂ ਗੱਲ ਨਹੀਂ, ਇਸ ਤੋਂ ਪਹਿਲਾਂ ਵੀ ਇਸ ਤਰ੍ਹਾਂ ਦੇ ਕਈ ਹਾਦਸੇ ਵਾਪਰ ਚੁੱਕੇ ਹਨ ਅਤੇ ਰੇਲਵੇ ਵੱਲੋਂ ਜਾਂਚ ਕਮੇਟੀ ਬਣਾ ਦਿੱਤੀ ਜਾਂਦੀ ਹੈ ਪਰ ਜਿਸ ਟਰੈਕ 'ਤੇ ਬੀਤੇ ਦਿਨ (ਸਾਧੂਗੜ੍ਹ ਅਤੇ ਸਰਹਿੰਦ ਵਿਚਕਾਰ) ਦੋ ਮਾਲ ਗੱਡੀਆਂ ਦੀ ਟੱਕਰ ਹੋਈ, ਉਸੇ ਟਰੈਕ 'ਤੇ 3 ਦਿਨ ਪਹਿਲਾਂ ਵੀ ਡੀਰੇਲਮੈਂਟ ਦੀ ਘਟਨਾ ਵਾਪਰੀ ਸੀ ਅਤੇ ਇਸ ਦੌਰਾਨ ਕਈ ਬੋਗੀਆਂ ਟਰੈਕ ਤੋਂ ਉਤਰ ਗਈਆਂ ਸਨ ਪਰ ਰੇਲਵੇ ਨੇ ਇਸ ਤੋਂ ਕੋਈ ਸਬਕ ਨਹੀਂ ਲਿਆ, ਜਿਸ ਤੋਂ ਬਾਅਦ ਅੱਜ ਫਿਰ ਹਾਦਸਾ ਵਾਪਰ ਗਿਆ। ਬੀਤੀ 30 ਮਈ ਨੂੰ ਦੁਪਹਿਰ ਤਕਰੀਬਨ 3.30 ਵਜੇ ਦਿੱਲੀ ਮਾਰਗ 'ਤੇ ਸਾਧੂਗੜ੍ਹ-ਸਰਹਿੰਦ ਨੇੜੇ ਇਕ ਮਾਲ ਗੱਡੀ ਦੇ ਪਹੀਏ ਟਰੈਕ ਤੋਂ ਉਤਰ ਗਏ ਸਨ ਅਤੇ ਇਸ ਕਾਰਨ 'ਵੰਦੇ ਭਾਰਤ'ਸਮੇਤ ਕਈ ਰੇਲ ਗੱਡੀਆਂ ਪ੍ਰਭਾਵਿਤ ਹੋਈਆਂ ਸਨ। ਘਟਨਾ ਵਾਲੀ ਥਾਂ ਵੱਖਰੀ ਹੋ ਸਕਦੀ ਹੈ ਪਰ ਸ਼ਨੀਵਾਰ ਦਾ ਹਾਦਸਾ ਵੀ ਇਸੇ ਟਰੈਕ 'ਤੇ ਵਾਪਰਿਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਕੁਝ ਦਿਨ ਪਹਿਲਾਂ ਇਕ ਮਾਲ ਗੱਡੀ ਦਾ ਟਰੈਕ ਤੋਂ ਉਤਰਨਾ ਅਤੇ ਅੱਜ ਉਹੀ ਹਾਦਸਾ ਮੁੜ ਵਾਪਰਨਾ ਕਈ ਸਵਾਲ ਖੜ੍ਹੇ ਕਰਦਾ ਹੈ। ਬੀਤੇ ਦਿਨ ਜਦੋਂ ਇਹ ਹਾਦਸਾ ਵਾਪਰਿਆ ਤਾਂ ਰਾਤ ਦਾ ਸਮਾਂ ਸੀ, ਜੇਕਰ ਇਹ ਹਾਦਸਾ ਦਿਨ ਵੇਲੇ ਵਾਪਰਿਆ ਹੁੰਦਾ ਤਾਂ ਵੱਡਾ ਹਾਦਸਾ ਵਾਪਰ ਸਕਦਾ ਸੀ। ਜਾਣਕਾਰਾਂ ਦਾ ਕਹਿਣਾ ਹੈ ਕਿ ਪਿਛਲੇ ਦਿਨਾਂ ਦੌਰਾਨ ਵਾਪਰੇ ਹਾਦਸਿਆਂ ਤੋਂ ਬਾਅਦ ਵੀ ਰੇਲਵੇ ਵੱਲੋਂ ਢੁੱਕਵੇਂ ਕਦਮ ਨਹੀਂ ਚੁੱਕੇ ਗਏ, ਜਿਸ ਕਾਰਨ ਮੁੜ ਹਾਦਸੇ ਦਾ ਸ਼ਿਕਾਰ ਹੋਣਾ



ਪਿਆ। ਇਸ ਸਾਲ ਟਰੈਕ ਤੋਂ ਉਤਰਨ ਸਮੇਤ ਕਈ ਤਰ੍ਹਾਂ ਦੇ ਹਾਦਸੇ ਵਾਪਰ ਚੁੱਕੇ ਹਨ, ਜਿਸ ਕਾਰਨ ਰੇਲਵੇ ਦੀ ਕਾਰਜਪ੍ਰਣਾਲੀ ਸਵਾਲਾਂ ਦੇ ਘੇਰੇ ਵਿਚ ਆ ਗਈ ਹੈ। ਇਸ ਦੇ ਨਾਲ ਹੀ ਇਕ ਹੋਰ ਹਾਦਸੇ ਦੌਰਾਨ ਜਲੰਧਰ ਤੋਂ ਆਪਣੇ-ਆਪ ਚੱਲ ਕੇ ਇਕ ਮਾਲ ਗੱਡੀ ਮੁਕੇਰੀਆਂ ਪਹੁੰਚ ਗਈ ਸੀ। ਇਸ ਸਾਲ ਕੁਝ ਮਹੀਨੇ ਪਹਿਲਾਂ ਜੰਮੂ-ਕਸਮੀਰ ਤੋਂ ਇਕ ਮਾਲ ਗੱਡੀ (14806-ਆਰ) ਬਿਨਾਂ ਡਰਾਈਵਰ-ਗਾਰਡ ਦੇ ਪੰਜਾਬ ਪਹੁੰਚ ਗਈ ਸੀ। ਤਕਰੀਬਨ 80 ਕਿਲੋਮੀਟਰ ਤੱਕ ਮਾਲ ਗੱਡੀ ਨੂੰ ਨਹੀਂ ਰੋਕਿਆ ਜਾ ਸਕਿਆ, ਜਿਸ ਕਾਰਨ ਕੋਈ ਵੱਡਾ ਹਾਦਸਾ ਵਾਪਰ ਸਕਦਾ ਸੀ। ਉਸ ਸਮੇਂ ਦੱਸਿਆ ਗਿਆ ਕਿ ਡਰਾਈਵਰ ਟਰੇਨ ਨੂੰ ਸਟਾਰਟ ਕਰਕੇ ਹੈਂਡ ਬ੍ਰੇਕ ਲਗਾਉਣਾ ਭੁੱਲ ਗਿਆ ਸੀ, ਜਿਸ ਕਾਰਨ ਟਰੇਨ ਇਸੇ ਤਰ੍ਹਾਂ ਦੌੜਦੀ ਰਹੀ। ਉਸ ਸਮੇਂ ਕਈ ਸਟੇਸਨਾਂ 'ਤੇ ਟਰੇਨ ਨੂੰ ਰੋਕਣ ਦੀ ਕੋਸ਼ਿਸ ਕੀਤੀ ਗਈ ਅਤੇ ਆਖਿਰਕਾਰ ਲੱਕੜ ਦੇ ਸਟਾਪਰ ਲਗਾ ਕੇ ਟਰੇਨ ਨੂੰ ਰੋਕਿਆ ਗਿਆ ਸੀ। ਇਸ ਸਾਲ ਦੇ ਪਹਿਲੇ ਮਹੀਨੇ ਜਗਰਾਓਂ ਵਿਚ ਸੰਟਿੰਗ ਦੌਰਾਨ ਇਕ ਮਾਲ ਗੱਡੀ ਦੇ ਪਹੀਏ ਪੱਟੜੀ ਤੋਂ ਉਤਰ ਗਏ ਸਨ। ਜਦੋਂ ਮਾਲ ਗੱਡੀ ਦੀ ਸ਼ੰਟਿੰਗ ਕੀਤੀ ਜਾ ਰਹੀ ਸੀ ਤਾਂ ਦੋ ਪਹੀਏ ਟਰੈਕ ਤੋਂ ਉਤਰ ਗਏ। ਮੌਕੇ 'ਤੇ ਪਹੁੰਚੀ ਐਕਸੀਡੈਂਟ ਰਿਲੀਫ ਗੱਡੀ ਅਤੇ ਹੋਰ ਵਿਭਾਗਾਂ ਦੇ ਕਰਮਚਾਰੀਆਂ ਨੇ ਤਕਰੀਬਨ 5 ਘੰਟਿਆਂ ਦੀ ਮੁਸੱਕਤ ਤੋਂ ਬਾਅਦ ਪਹੀਆਂ ਨੂੰ ਟਰੈਕ 'ਤੇ ਚੜ੍ਹਾਇਆ। ਜਾਂਚ ਦੌਰਾਨ ਅਧਿਕਾਰੀਆਂ ਨੂੰ ਪਤਾ ਲੱਗਾ ਕਿ ਜਦੋਂ ਮਾਲ ਗੱਡੀ ਜਗਰਾਓਂ ਸਟੇਸਨ 'ਤੇ ਖੜ੍ਹੀ ਸੀ ਤਾਂ ਪੁਆਇੰਟ ਮੈਨ ਨੇ ਇਕ ਰੈਕ ਦੀ ਬ੍ਰੇਕ ਚੇਨ ਲਗਾ ਦਿੱਤੀ ਸੀ, ਜਿਸ ਕਾਰਨ ਰੈਕ ਅੱਗੇ ਨਹੀਂ ਵਧ ਸਕਦਾ ਸੀ। ਹਾਦਸੇ ਤੋਂ ਬਾਅਦ ਅਧਿਕਾਰੀ ਮੌਕੇ 'ਤੇ ਜਾ ਕੇ ਜਾਂਚ ਕਰ ਰਹੇ ਹਨ ਅਤੇ ਰਾਹਤ ਕਾਰਜ ਜਾਰੀ ਹਨ। ਇਸੇ ਸਾਲ 23 ਮਾਰਚ ਨੂੰ ਗੁਜਰਾਤ ਦੇ ਵਡੋਦਰਾ ਤੋਂ 50 ਤੇਲ ਟੈਂਕਰਾਂ ਨੂੰ ਲੈ ਕੇ ਮਾਲ ਗੱਡੀ (ਬੀ. ਟੀ. ਪੀ. ਐੱਨ.) ਜਲੰਧਰ ਦੇ ਸੁੱਚੀ ਪਿੰਡ ਵਿਚ ਰੁਕਣ ਦੀ ਬਜਾਏ 40 ਕਿਲੋਮੀਟਰ ਅੱਗੇ ਹੁਸ਼ਿਆਰਪੁਰ ਦੇ ਟਾਂਡਾ ਜਾ ਪਹੁੰਚੀ। ਜਦੋਂ ਰੇਲਵੇ ਅਧਿਕਾਰੀਆਂ ਨੂੰ ਇਸ ਗਲਤੀ ਦਾ ਪਤਾ ਲੱਗਿਆ ਤਾਂ ਉਕਤ ਟਰੇਨ ਨੂੰ ਸੁੱਚੀ ਪਿੰਡ ਵਾਪਸ ਲਿਆਂਦਾ ਗਿਆ ਸੀ। ਇਸ ਟਰੇਨ ਦੇ 47 ਟੈਂਕਰਾਂ 'ਚ ਪੈਟਰੋਲ ਅਤੇ 3 ਟੈਂਕਰਾਂ 'ਚ ਡੀਜਲ ਸੀ

## ਸਰਕਾਰੀ ਨੌਕਰੀ ਦਾ ਝਾਂਸਾ ਦੇ ਔਰਤ ਨਾਲ ਮਾਰੀ ਦੋ ਲੱਖ ਰੁਪਏ ਦੀ ਠੱਗੀ, ਦੋ ਨਾਮਜ਼ਦ

ਤਰਨਤਾਰਨ 19 ਦਸੰਬਰ। ਸਰਕਾਰੀ ਨੌਕਰੀ ਦਿਵਾਉਣ ਦਾ ਝਾਂਸਾ ਦੇ 2 ਲੱਖ 10 ਹਜ਼ਾਰ ਰੁਪਏ ਦੀ ਠੱਗੀ ਮਾਰਨ ਵਾਲੇ ਦੋ ਵਿਅਕਤੀਆਂ ਖਿਲਾਫ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਪਰਚਾ ਦਰਜ ਕਰ ਗ੍ਰਿਫਤਾਰੀ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਤਿੰਦਰ ਸਿੰਘ ਪੁੱਤਰ ਕਰਮ ਸਿੰਘ ਵਾਸੀ ਪਿੰਡ ਦੁਲਚੀਪੁਰ ਨੇ ਜ਼ਿਲੇ ਦੇ ਐੱਸ. ਐੱਸ. ਪੀ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਨੂੰ ਸਰਕਾਰੀ ਨੌਕਰੀ ਦੇਣ ਲਈ ਗੁਰਪ੍ਰੀਤ ਸਿੰਘ ਪੁੱਤਰ ਅਮਰਜੀਤ ਸਿੰਘ ਪਾਸੀ ਪਿੰਡ ਕੰਗ ਅਤੇ ਰਣਜੀਤ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਪਿੰਡ ਕੰਗ ਨੇ 2 ਲੱਖ 10 ਹਜ਼ਾਰ ਰੁਪਏ




ਵਸੂਲ ਕੀਤੇ ਹਨ ਪਰ ਉਸਨੂੰ ਨਾ ਤਾਂ ਸਰਕਾਰੀ ਨੌਕਰੀ ਦਿੱਤੀ ਅਤੇ ਨਾ ਹੀ ਉਸਦੇ ਪੈਸੇ ਵਾਪਸ ਕੀਤੇ। ਜਿਸ ਸਬੰਧੀ ਜ਼ਿਲ੍ਹੇ ਦੇ ਐੱਸ. ਐੱਸ. ਪੀ. ਵੱਲੋਂ ਇਸ ਮਾਮਲੇ ਦੀ ਜਾਂਚ ਕਰਨ ਲਈ ਸਾਈਬਰ ਸ਼ਾਖਾ ਨੂੰ ਆਦੇਸ਼ ਜਾਰੀ ਕੀਤੇ, ਜਿਸ ਤੋਂ ਬਾਅਦ ਕੀਤੀ ਗਈ ਜਾਂਚ ਵਿਚ ਉਕਤ ਦੋਵਾਂ ਮੁਲਜ਼ਮਾਂ ਵੱਲੋਂ ਧੋਖਾਧਡੀ ਕਰਨਾ ਤਸਦੀਕ ਪਾਇਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੇ ਏ. ਐੱਸ. ਆਈ. ਮੁਖਤਿਆਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿਚ ਗੁਰਪ੍ਰੀਤ ਸਿੰਘ ਅਤੇ ਰਣਜੀਤ ਸਿੰਘ ਖਿਲਾਫ ਮਾਮਲਾ ਦਰਜ ਕਰ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ।

## ਮੁੰਡਿਆਂ ਦੇ ਸਿਰ ਉਪਰੋਂ ਗੋਲੀ ਵਾਂਗ ਲੰਘਿਆ ਉੱਡਣਾ ਸੱਪ, ਜਲਾਲਾਬਾਦ ਦੀ ਵੀਡੀਓ ਦੇਖ ਹੋਵੋਗੇ ਹੈਰਾਨ

ਜਲਾਲਾਬਾਦ 19 ਦਸੰਬਰ। ਜਲਾਲਾਬਾਦ ਵਿਚ ਹਵਾ 'ਚ ਉਡਦੇ ਸੱਪ ਦੀ ਹੈਰਾਨ ਕਰਨ ਵਾਲੀ ਵੀਡੀਓ ਸਾਹਮਣੇ ਆਈ ਹੈ। ਇਹ ਘਟਨਾ ਪਿੰਡ ਬੱਗੇ ਮੋੜ ਦੀ ਹੈ, ਜਿਥੇ ਇਕ ਸੈਲੂਨ ਦੇ ਬਾਹਰ ਬੈਠੇ ਨੌਜਵਾਨਾਂ ਦੇ ਉਪਰੋਂ ਉੱਡਣਾ ਸੱਪ ਤੇਜੀ ਨਾਲ ਲੰਘਿਆ। ਇਹ ਮੰਜਰ ਦੇਖ ਉਨ੍ਹਾਂ ਦੀ ਹੋਸ਼ ਉਡ ਗਏ। ਸੈਲੂਨ ਸੰਚਾਲਕ ਦਾ ਕਹਿਣਾ ਹੈ ਕਿ ਉਸ ਨੇ ਬੜੀ ਮੁਸਕਲ ਨਾਲ ਆਪਣੀ ਜਾਨ ਬਚਾਈ। ਸੀ. ਸੀ. ਟੀ. ਵੀ. ਕੈਮਰੇ ਵਿਚ ਉੱਡਦਾ ਸੱਪ ਸਾਫ ਦਿਖਾਈ ਦੇ ਰਿਹਾ ਹੈ ਅਤੇ ਨੌਜਵਾਨ ਤੇਜੀ ਨਾਲ ਭੱਜਦੇ ਹੋਏ ਵੀ ਨਜਰ ਆ ਰਹੇ ਹਨ। ਜਾਣਕਾਰੀ ਦਿੰਦੇ ਹੋਏ ਪਿੰਡ ਬੱਗੇ ਕੇ ਮੋੜ ਨੇੜੇ



ਹੇਅਰ ਸੈਲੂਨ ਦੇ ਸੰਚਾਲਕ ਚਰਨਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਵੀਡੀਓ 1 ਜੂਨ ਨੂੰ ਰਾਤ 8.15 ਵਜੇ ਦੇ ਕਰੀਬ ਦੀ ਹੈ। ਚੋਣਾਂ ਕਾਰਨ ਸੈਲੂਨ 'ਚ ਜ਼ਿਆਦਾ ਕੰਮ ਨਹੀਂ ਸੀ, ਸੈਲੂਨ ਵਿਚ ਕੰਮ ਕਰਨ ਵਾਲੇ ਲੜਕੇ ਸਮੇਤ ਉਹ ਬਾਹਰ ਖੜ੍ਹਾ ਸੀ। ਇਸ ਦੌਰਾਨ ਉਨ੍ਹਾਂ ਦੇ ਸਿਰ ਉਪਰੋਂ ਉਡਣਾ ਸੱਪ ਤੇਜੀ ਨਾਲ ਲੰਘਿਆ। ਇਥੇ ਬਸ ਨਹੀਂ ਇਸ ਤੋਂ ਬਾਅਦ ਉੱਡਣਾ ਸੱਪ ਉਨ੍ਹਾਂ ਦੇ ਪਿੱਛੇ ਪੈ ਗਿਆ ਅਤੇ ਉਨ੍ਹਾਂ ਨੇ ਭੱਜ ਕੇ ਆਪਣੀ ਜਾਨ ਬਾਈ। ਇਕ ਵਾਰ ਨਹੀਂ ਸਗੋਂ ਦੋ ਵਾਰ ਸੱਪ ਉਸ ਦੀ ਦੁਕਾਨ 'ਤੇ ਉੱਡਦਾ ਆਇਆ ਅਤੇ ਦੁਕਾਨ ਦੇ ਸ਼ੀਸ਼ੇ ਨਾਲ ਟਕਰਾਅ ਗਿਆ। ਚਰਨਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਉਸ ਨੇ ਸੈਲੂਨ ਦਾ ਸੀਸਾ ਬੰਦ ਕਰਕੇ ਆਪਣੀ ਜਾਨ ਬਚਾਈ। ਇਹ ਸੱਪ ਕਿਧਰੋਂ ਆਇਆ ਅਤੇ ਕਿਧਰ ਗਿਆ ਇਸ ਦਾ ਪਤਾ ਨਹੀਂ ਲੱਗ ਸਕਿਆ।

# ਖਡੂਰ ਸਾਹਿਬ 'ਚ ਵੱਡੀ ਜਿੱਤ ਤੋਂ ਬਾਅਦ ਡਿਬਰੂਗੜ੍ਹ ਜੇਲ੍ਹ ਪਹੁੰਚੀ ਅੰਮ੍ਰਿਤਪਾਲ ਦੀ ਪਤਨੀ

ਚੰਡੀਗੜ੍ਹ 19 ਦਸੰਬਰ। ਪੰਥਕ ਸੀਟ ਖਡੂਰ ਸਾਹਿਬ ਤੋਂ ਵੱਡੀ ਜਿੱਤ ਹਾਸਲ ਕਰਨ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਡਿਬਰੂਗੜ੍ਹ ਜੇਲ੍ਹ ਪਹੁੰਚ ਗਈ ਹੈ। ਜਿੱਥੇ ਉਹ ਅੰਮ੍ਰਿਤਪਾਲ ਸਿੰਘ ਨਾਲ ਮੁਲਾਕਾਤ ਕਰੇਗੀ। ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਇਕ ਦਿਨ ਬਾਅਦ ਹੀ ਕਿਰਨਦੀਪ ਕੌਰ ਅੰਮ੍ਰਿਤਪਾਲ ਸਿੰਘ ਨਾਲ ਮੁਲਾਕਾਤ ਕਰਨ ਲਈ ਡਿਬਰੂਗੜ੍ਹ ਜੇਲ੍ਹ ਪਹੁੰਚ ਗਈ ਹੈ। ਆਜਾਦ ਤੌਰ 'ਤੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਮੈਦਾਨ ਵਿਚ ਉਤਰੇ ਅੰਮ੍ਰਿਤਪਾਲ ਸਿੰਘ ਨੇ ਇਥੇ ਇਤਿਹਾਸਕ ਜਿੱਤ ਹਾਸਲ ਕੀਤੀ ਹੈ। ਖਡੂਰ ਸਾਹਿਬ ਤੋਂ ਆਏ ਨਤੀਜਿਆਂ ਨੇ ਸਭ ਨੂੰ ਹੈਰਾਨ ਕਰਕੇ ਰੱਖ ਦਿੱਤਾ ਹੈ। ਜੇਲ੍ਹ ਵਿਚ ਹੋਣ ਦੇ ਬਾਵਜੂਦ ਅੰਮ੍ਰਿਤਪਾਲ ਇਥੇ 2 ਲੱਖ ਦੇ ਕਰੀਬ ਮਾਰਜਨ ਨਾਲ ਜਿੱਤਿਆ ਹੈ। ਅੰਮ੍ਰਿਤਪਾਲ ਸਿੰਘ ਦੀ ਇਹ ਜਿੱਤ ਪੰਜਾਬ ਵਿਚ ਸਭ ਤੋਂ ਵੱਡੀ ਜਿੱਤ ਹੈ। ਅੰਮ੍ਰਿਤਪਾਲ ਨੂੰ ਇਥੇ 404430 ਰਿਕਾਰਡ ਵੋਟਾਂ ਹਾਸਲ ਹੋਈਆਂ ਸਨ। ਜਦਕਿ ਉਨ੍ਹਾਂ ਦੇ ਵਿਰੋਧੀ ਕੁਲਬੀਰ ਜੀਰਾ ਨੂੰ 207310 ਵੋਟਾਂ ਪਈਆਂ, ਆਮ ਆਦਮੀ ਪਾਰਟੀ ਦੇ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ



194836 ਵੋਟਾਂ ਪਈਆਂ। ਇਸ ਤੋਂ ਇਲਾਵਾ ਅਕਾਲੀ ਦਲ ਦੇ ਵਿਰਸਾ ਸਿੰਘ ਵਲਟੋਹਾ ਇਥੇ ਮਹਿਜ 86416 ਵੋਟਾਂ 'ਤੇ ਹੀ ਸੁੰਗੜ ਕੇ ਰਹਿ ਗਏ। ਪੁੱਤਰ ਦੀ ਜਿੱਤ 'ਤੇ ਅੰਮ੍ਰਿਤਪਾਲ ਦੇ ਮਾਤਾ-ਪਿਤਾ ਨੇ ਕੌਮ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਨਤੀਜਾ ਸਾਰੇ ਪੰਥ ਅਤੇ ਪੰਜਾਬ ਲਈ ਖੁਸ਼ੀ ਦੀ ਗੱਲ ਹੈ ਪਰ ਨਾਲ ਹੀ ਇਹ ਵੀ ਅਪੀਲ ਕੀਤੀ ਕਿ ਕੋਈ ਵੀ 6 ਜੂਨ ਤਕ ਕਿਸੇ ਕਿਸਮ ਦਾ ਜਸ਼ਨ ਨਾ ਮਨਾਵੇ ਕਿਉਂਕਿ ਸਾਡੇ ਸ਼ਹੀਦੀ ਦਿਹਾੜੇ ਚੱਲ ਰਹੇ ਹਨ। ਉਨ੍ਹਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਵਾਏ ਜਾਣਗੇ ਤੇ 6 ਜੂਨ ਨੂੰ ਭੋਗ ਪਾਏ ਜਾਣਗੇ। ਉਨ੍ਹਾਂ ਕਿਹਾ ਕਿ ਇਹ ਜਿੱਤ ਸਾਡੇ ਸ਼ਹੀਦ ਸਿੰਘਾਂ ਨੂੰ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਜਿੱਤਣ ਮਗਰੋਂ ਨਸ਼ੇ, ਬੰਦੀ ਸਿੰਘ ਅਤੇ ਬੇਅਦਬੀ ਦੇ ਮਾਮਲੇ ਪਹਿਲ ਦੇ ਅਧਾਰ 'ਤੇ ਚੁੱਕੇ ਜਾਣਗੇ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਸਰਕਾਰ ਨੂੰ ਬਿਨਾਂ ਕਿਸੇ ਕਾਨੂੰਨੀ ਲੜਾਈ ਦੇ ਅੰਮ੍ਰਿਤਪਾਲ ਸਿੰਘ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ ਤਾਂ ਜੋ ਉਹ ਲੋਕਾਂ ਵਿਚ ਵਿਚਰ ਕੇ ਨਸ਼ਿਆਂ ਖ਼ਿਲਾਫ ਜਾਗਰੁਕਤਾ ਪੈਦਾ ਕਰ ਸਕੇ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਪੰਜਾਬ ਦੇ ਹੱਕ ਵਿਚ ਆਵਾਜ ਬੁਲੰਦ ਕਰੇਗਾ।

## ਅੰਮ੍ਰਿਤਸਰ 'ਚ ਰੇਡ ਕਰਨ ਗਈ ਪੰਜਾਬ ਪੁਲਸ, ਜਦੋਂ ਘਰ ਦੀ ਤਲਾਸ਼ੀ ਲਈ ਤਾਂ ਉੱਡੇ ਹੋਸ਼

ਲੋਪੋਕੇ 19 ਦਸੰਬਰ। ਪੁਲਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਅਧੀਨ ਆਉਂਦੇ ਪੁਲਸ ਥਾਣਾ ਲੋਪੋਕੇ ਦੇ ਸਰਹੱਦੀ ਪਿੰਡ ਕੱਕੜ ਵਿਖੇ ਉਚ ਅਧਿਕਾਰੀ ਦੀਆਂ ਹਦਾਇਤਾ ਅਤੇ ਡੀ.ਐੱਸ.ਪੀ ਅਟਾਰੀ ਸੁਖਜਿੰਦਰ ਥਾਪਰ, ਬੀ. ਐੱਸ. ਐੱਫ. ਰਾਮ ਤੀਰਥ ਅਤੇ ਪੁਲਸ ਚੌਂਕੀ ਕੱਕੜ ਦੀ ਪੁਲਸ ਵੱਲੋਂ ਸਰਹੱਦੀ ਪਿੰਡ ਕੱਕੜ ਵਿਖੇ ਬਲਵਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਪਿੰਡ ਕੱਕੜ ਦੇ ਘਰ ਰੇਡ ਦੌਰਾਨ ਕਰੋੜਾਂ ਦੀ ਡਰੱਗ ਮਨੀ ਸਮੇਤ ਦੋਵਾਂ ਨੂੰ ਕਾਬੂ ਕੀਤਾ ਗਿਆ। ਉਕਤ ਵਿਅਕਤੀ ਹੈਰੋਇਨ ਵੇਚਣ ਦਾ ਧੰਦਾ ਕਰਦੇ ਸਨ। ਹੈਰੋਇਨ ਦੇ ਪੈਸੇ ਵੱਟ ਕੇ ਸਰਹੱਦ ਪਾਰ ਬੈਠੇ ਸਮੱਗਲਰਾਂ ਨੂੰ ਭੇਜਦੇ ਹਨ। ਪੁਲਸ ਤੇ ਬੀ. ਐੱਸ.



ਐੱਫ ਵਲੋਂ ਰੇਡ ਕਰਨ 'ਤੇ ਉਕਤ ਵਿਅਕਤੀਆਂ ਘਰੋਂ ਲੋਹੇ ਵਾਲੀ ਪੇਟੀ ਵਿਚੋਂ ਇਕ ਕਰੋੜ ਕੱਕੜ ਵਿਖੇ ਬਲਵਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਪਿੰਡ ਕੱਕੜ ਦੇ ਘਰ ਰੇਡ ਦੌਰਾਨ ਕਰੋੜਾਂ ਦੀ ਡਰੱਗ ਮਨੀ ਸਮੇਤ ਦੋਵਾਂ ਨੂੰ ਕਾਬੂ ਕੀਤਾ ਗਿਆ। ਉਕਤ ਵਿਅਕਤੀ ਹੈਰੋਇਨ ਵੇਚਣ ਦਾ ਧੰਦਾ ਕਰਦੇ ਸਨ। ਹੈਰੋਇਨ ਦੇ ਪੈਸੇ ਵੱਟ ਕੇ ਸਰਹੱਦ ਪਾਰ ਬੈਠੇ ਸਮੱਗਲਰਾਂ ਨੂੰ ਭੇਜਦੇ ਹਨ। ਪੁਲਸ ਤੇ ਬੀ. ਐੱਸ. 97 ਲੱਖ 14 ਹਜਾਰ 650 ਰੁਪਏ ਦੀ ਡਰੱਗ ਮਨੀ ਬਰਾਮਦ ਹੋਈ। ਇਸ ਸਬੰਧੀ ਪੁਲਸ ਥਾਣਾ ਲੋਪੋਕੇ ਵਿਖੇ ਉਕਤ ਵਿਅਕਤੀਆਂ ਖ਼ਿਲਾਫ 21, 27-ਏ, 29-61-85 ਐੱਨ.ਡੀ.ਪੀ.ਐੱਸ ਐਕਟ ਅਧੀਨ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ।

# ਟਰੱਕ ਦੀ ਲਪੇਟ 'ਚ ਆ ਕੇ ਮੋਟਰਸਾਈਕਲ ਨੂੰ ਲੱਗੀ ਅੱਗ

ਪਟਿਆਲਾ 19 ਦਸੰਬਰ। ਸ਼ਹਿਰ ਦੇ ਨਵੇਂ ਬੱਸ ਸਟੈਂਡ ਕੋਲ ਬੀਤੀ ਰਾਤ ਟਰੱਕ ਨੇ ਮੋਟਰਸਾਈਕਲ ਨੂੰ ਟੱਕਰ ਮਾਰੀ ਦਿੱਤੀ, ਜਿਸ ਕਾਰਨ ਮੋਟਰਸਾਈਕਲ ਨੂੰ ਅੱਗ ਲੱਗ ਗਈ ਅਤੇ ਮੋਟਰਸਾਈਕਲ ਸਵਾਰ ਜ਼ਿੰਦਾ ਸੜ ਗਿਆ। ਮ੍ਰਿਤਕ ਦੀ ਪਛਾਣ ਸਾਹਿਲ (25) ਪੁੱਤਰ ਨਰਿੰਦਰ ਸਿੰਘ ਵਾਸੀ ਖੇੜੇ ਵਾਲਾ ਮੁਹੱਲਾ ਸਨੌਰ ਵਜੋਂ ਹੋਈ। ਮੋਟਰਸਾਈਕਲ ਨੂੰ ਅੱਗ ਲੱਗਣ ਤੋਂ ਬਾਅਦ ਟਰੱਕ ਨੂੰ ਵੀ ਅੱਗ ਲੱਗ ਗਈ ਅਤੇ ਇਕਦਮ ਦਹਿਸ਼ਤ ਵਾਲਾ ਮਾਹੌਲ ਬਣ ਗਿਆ ਅਤੇ ਟਰੱਕ-ਮੋਟਰਸਾਈਕਲ ਦੋਵੇਂ ਸੜ ਕੇ ਸੁਆਹ ਹੋ ਗਏ। ਮ੍ਰਿਤਕ ਦੇ ਭਰਾ ਨੇ ਦੱਸਿਆ ਕਿ ਉਸ ਦਾ ਭਰਾ ਨਵੇਂ ਬੱਸ ਸਟੈਂਡ ਦੇ ਕੋਲ ਆਪਣੇ ਮੋਟਰਸਾਈਕਲ 'ਤੇ ਜਾ ਰਿਹਾ ਸੀ ਤਾਂ ਟਰੱਕ ਡਰਾਈਵਰ ਨੇ ਲਾਪ੍ਰਵਾਹੀ ਨਾਲ ਟਰੱਕ ਲਿਆ ਕੇ ਉਸ ਦੇ ਭਰਾ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤਾ। ਟੱਕਰ ਮਾਰਦੇ ਹੀ ਮੋਟਰਸਾਈਕਲ ਦੀ ਟੈਂਕੀ ਫਟ ਕੇ ਅੱਗ ਲੱਗ ਗਈ ਤੇ ਉਸ ਦਾ ਭਰਾ ਸਾਹਿਲ ਜ਼ਿੰਦਾ ਹੀ ਸੜ ਗਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਟਰੱਕ ਨੂੰ ਵੀ ਅੱਗ ਲੱਗ ਗਈ। ਸੂਚਨਾ ਮਿਲਣ ਤੋਂ ਬਾਅਦ ਫਾਇਰ ਬਿਗ੍ਰੇਡ ਦੀ ਗੱਡੀ ਪਹੁੰਚੀ ਤੇ ਅੱਗ 'ਤੇ ਕਾਬੂ ਪਾਇਆ। ਇਸ ਮਾਮਲੇ ਵਿਚ ਸੂਚਨਾ ਮਿਲਣ ਤੋਂ ਬਾਅਦ ਪੁਲਸ ਵੀ ਪਹੁੰਚ ਗਈ ਅਤੇ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਲੋਕ ਸਭਾ ਚੋਣਾਂ ਵਿਚ ਗੈਰ ਹਾਜ਼ਰ ਰਹਿਣ ਵਾਲੇ ਕਰਮਚਾਰੀ ਨੂੰ ਪੁਲਸ ਨੇ ਕੀਤਾ ਗ੍ਰਿਫਤਾਰ

ਤਰਨਤਾਰਨ 19 ਦਸੰਬਰ। ਲੋਕ ਸਭਾ ਚੋਣਾਂ ਵਿਚ ਰਿਟਰਨਿੰਗ ਅਫਸਰ ਵੱਲੋਂ ਵੱਖ-ਵੱਖ ਕਰਮਚਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਸਨ, ਜਿਸ ਦੇ ਚੱਲਦੇ ਕਈ ਕਰਮਚਾਰੀਆਂ ਵੱਲੋਂ ਰਿਟਰਨਿੰਗ ਅਫਸਰ ਦੇ ਹੁਕਮਾਂ ਨੂੰ ਟਿੱਚ ਜਾਣਿਆ ਗਿਆ ਸੀ। ਜਿਸ ਸਬੰਧੀ ਰਿਟਰਨਿੰਗ ਅਫਸਰ ਵੱਲੋਂ ਸਖਤ ਕਾਰਵਾਈ ਕਰਦੇ ਹੋਏ ਐਕਸ਼ਨ ਲੈਣੇ ਸ਼ੁਰੂ ਕਰ ਦਿੱਤੇ ਗਏ ਹਨ। ਇਸੇ ਤਹਿਤ ਡਿਊਟੀ ਵਿਚ ਗੈਰ ਹਾਜ਼ਰ ਰਹਿਣ ਦੇ ਚੱਲਦਿਆਂ ਇਕ ਕਰਮਚਾਰੀ ਖ਼ਿਲਾਫ ਥਾਣਾ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਮਾਮਲਾ ਦਰਜ ਕਰ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਲੋਕ ਸਭਾ ਚੋਣਾਂ ਵਿਚ ਰਿਟਰਨਿੰਗ ਅਫਸਰ ਕਮ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਦੇ ਹੁਕਮਾਂ ਤਹਿਤ ਅਮਰਜੀਤ ਸਿੰਘ ਪੁੱਤਰ ਮਨਮੋਹਨ ਸਿੰਘ ਵਾਸੀ ਮਕਾਨ ਨੰਬਰ ਸੱਤ ਬਾਬਾ ਦੀਪ ਸਿੰਘ ਨਗਰ ਤਰਨਤਾਰਨ ਰੋਡ ਅੰਮ੍ਰਿਤਸਰ ਦੀ



ਡਿਊਟੀ ਬੂਥ ਨੰਬਰ 78 ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਜਹਾਂਗੀਰ ਵਿਖੇ ਲਗਾਈ ਗਈ ਸੀ ਪ੍ਰੰਤੂ ਉਕਤ ਕਰਮਚਾਰੀ ਲਗਾਈ ਗਈ ਡਿਊਟੀ ਵਿਚ ਗੈਰ ਹਾਜ਼ਰ ਪਾਇਆ ਗਿਆ, ਜਿਸ ਦੇ ਚੱਲਦਿਆਂ ਪੋਲਿੰਗ ਪਾਰਟੀਆਂ ਦੀ ਰਵਾਨਗੀ ਵਿਚ ਅੜਿਕਾ ਪੈ ਰਿਹਾ ਸੀ । ਇਸ ਦੌਰਾਨ ਅਮਰਜੀਤ ਸਿੰਘ ਵੱਲੋਂ ਡਿਊਟੀ ਦੌਰਾਨ ਲਾਪ੍ਰਵਾਹੀ ਅਤੇ ਇਨਕਾਰੀ ਕੀਤੀ ਜਾਣੀ ਪਾਈ ਗਈ ਹੈ। ਜਿਸ ਤੋਂ ਬਾਅਦ ਰਿਟਰਨਿੰਗ ਅਫਸਰ ਦੇ ਆਦੇਸ਼ਾਂ ਤਹਿਤ ਸਹਾਇਕ ਰਿਟਰਨਿੰਗ ਕੰਮ ਉਪ ਮੰਡਲ ਮਜਿਸਟਰੇਟ ਖਡੂਰ ਸਾਹਿਬ ਸਚਿਨ ਪਾਠਕ ਦੇ ਬਿਆਨਾਂ ਤਹਿਤ ਅਮਰਜੀਤ ਸਿੰਘ ਖ਼ਿਲਾਫ ਪਰਚਾ ਦਰਜ ਕਰ ਲਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੇ ਏ. ਐੱਸ. ਆਈ. ਕੁਲਵੰਤ ਸਿੰਘ ਨੇ ਦੱਸਿਆ ਕਿ ਸਹਾਇਕ ਰਿਟਰਨਿੰਗ ਅਫਸਰ ਦੇ ਬਿਆਨਾਂ ਹੇਠ ਅਮਰਜੀਤ ਸਿੰਘ ਖ਼ਿਲਾਫ ਪਰਚਾ ਦਰਜ ਕਰਦੇ ਹੋਏ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਦੋ ਨਾਬਾਲਗ ਬੱਚਿਆਂ ਨਾਲ ਬਦਫੈਲ ਕਰਨ ਦੇ ਦੋਸ ਵਿੱਚ ਮਦਰੱਸਾ ਅਧਿਆਪਕ ਗ੍ਰਿਫਤਾਰ

ਗੁਰਦਾਸਪੁਰ 19 ਦਸੰਬਰ। ਪੁਲਸ ਨੇ ਇੱਕ ਮਦਰੱਸੇ ਦੇ ਅਧਿਆਪਕ ਨੂੰ ਦੋ ਨਾਬਾਲਗ ਵਿਦਿਆਰਥੀਆਂ ਨਾਲ ਬਦਫੈਲੀ ਕਰਨ ਅਤੇ ਮਾਮਲੇ ਦਾ ਖੁਲਾਸਾ ਕਰਨ 'ਤੇ ਉਨ੍ਹਾਂ ਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦੇਣ ਦੇ ਦੋਸ ਹੇਠ ਗ੍ਰਿਫਤਾਰ ਕੀਤਾ ਹੈ।ਸਰਹੱਦ ਪਾਰਲੇ ਸੂਤਰਾਂ ਅਨੁਸਾਰ ਸ਼ਿਕਾਇਤਕਰਤਾ ਜਲਾਲ ਦੀਨ ਨੇ ਆਪਣੀ ਦਰਖਾਸਤ ਵਿੱਚ ਕਿਹਾ ਹੈ ਕਿ ਉਸ ਦਾ ਮੁੰਡਾ ਅਤੇ ਭਤੀਜਾ, ਜਿਸ ਦੀ ਉਮਰ 10-12 ਸਾਲ ਦਰਮਿਆਨ ਹੈ, ਪਿਛਲੇ ਕੁਝ ਮਹੀਨਿਆਂ ਤੋਂ ਚੱਕ ਨੰਬਰ 143/ਐੱਮ.ਐੱਲ. ਮਦਰੱਸੇ ਵਿੱਚ ਰਹਿ ਰਹੇ ਸਨ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਅਧਿਆਪਕ ਨੇ ਉਨ੍ਹਾਂ ਨਾਲ ਮਦਰੱਸੇ 'ਚ ਬਦਫੈਲੀ ਕੀਤੀ ਸੀ ਅਤੇ ਇਸ ਬਾਰੇ ਕਿਸੇ ਨੂੰ ਦੱਸਣ 'ਤੇ ਉਨ੍ਹਾਂ ਨੂੰ ਤਸੀਹੇ ਦੇਣ ਦੀ ਧਮਕੀ ਵੀ ਦਿੱਤੀ ਸੀ। ਪੁਲਸ ਨੇ ਸ਼ਿਕਾਇਤ 'ਤੇ ਉਕਤ ਵਿਅਕਤੀ ਖ਼ਿਲਾਫ ਧਾਰਾ 376, 377-ਬੀ ਤਹਿਤ ਕੇਸ ਦਰਜ ਕਰਕੇ ਸੱਕੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਵਿਦਿਆਰਥੀਆਂ ਨੂੰ ਮੈਡੀਕਲ ਜਾਂਚ ਲਈ ਹਸਪਤਾਲ ਭੇਜ ਦਿੱਤਾ ਗਿਆ ਹੈ।

# ਘਰੇਲੂ ਬਿਜਲੀ ਕੁਨੈਕਸਨ ਬਾਰੇ ਰਿਪੋਰਟ ਭੇਜਣ ਬਦਲੇ ਮੰਗੀ ਰਿਸ਼ਵਤ

ਚੰਡੀਗੜ੍ਹ 19 ਦਸੰਬਰ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿਚ ਭ੍ਰਿਸਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਵੀਰਵਾਰ ਨੂੰ ਪੀ. ਐੱਸ. ਪੀ. ਸੀ. ਐੱਲ. ਦਫਤਰ, ਫੋਕਲ ਪੁਆਇੰਟ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਤਾਇਨਾਤ ਲਾਈਨਮੈਨ ਸੁਖਵਿੰਦਰ ਸਿੰਘ ਨੂੰ 5,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਲਾਈਨਮੈਨ ਨੂੰ ਬਲਕਾਰ ਸਿੰਘ ਵਾਸੀ ਫੈਜਪੁਰਾ, ਤਹਿਸੀਲ ਬਟਾਲਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ ਲਾਇਆ ਕਿ ਉਪਰੋਕਤ ਲਾਈਨਮੈਨ ਨੇ ਉਸਦੇ ਨਵੇਂ ਲੱਗਣ ਵਾਲੇ ਘਰੇਲੂ ਬਿਜਲੀ ਕੁਨੈਕਸਨ ਬਾਰੇ ਠੀਕ ਰਿਪੋਰਟ



ਭੇਜਣ ਬਦਲੇ 5,000 ਰੁਪਏ ਦੀ ਮੰਗ ਕੀਤੀ ਹੈ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਵੱਲੋਂ ਜਾਲ ਵਿਛਾਇਆ ਗਿਆ ਅਤੇ ਉਕਤ ਮੁਲਜਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 5,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿਚ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਚ ਮੁਲਜਮ ਖ਼ਿਲਾਫ ਭ੍ਰਿਸਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮੁਲਜਮ ਨੂੰ ਭਲਕੇ ਅਦਾਲਤ ਵਿਚ ਪੇਸ ਕੀਤਾ ਜਾਵੇਗਾ ਅਤੇ ਹੋਰ ਪੁੱਛਗਿੱਛ ਜਾਰੀ ਹੈ।

## ਫਾਈਨਾਂਸ ਕੰਪਨੀ ਤੋਂ ਲਏ ਕਰਜ ਤੋਂ ਪ੍ਰੇਸਾਨ ਵਿਅਕਤੀ ਨੇ ਕੀਤੀ ਖੁਦਕੁਸ਼ੀ

ਫਾਜਿਲਕਾ 19 ਦਸੰਬਰ। ਫਾਜ਼ਿਲਕਾ ਦੇ ਪਿੰਡ ਆਜਮ ਵਾਲਾ 'ਚ ਕਰਜ ਤੋਂ ਪ੍ਰੇਸਾਨ ਹੋ ਕੇ ਇਕ ਵਿਅਕਤੀ ਵੱਲੋਂ ਖੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ ਮ੍ਰਿਤਕ ਨੇ ਇਕ ਫਾਈਨਾਂਸ ਕੰਪਨੀ ਤੋਂ ਕਰਜਾ ਲੈ ਰੱਖਿਆ ਸੀ ਜਿਸ ਨੂੰ ਨਾ ਚੁਕਾਉਣ 'ਤੇ ਕੰਪਨੀ ਵੱਲੋਂ ਉਸ 'ਤੇ ਕੇਸ ਦਰਜ ਕੀਤਾ ਗਿਆ ਸੀ ਜਿਸ ਦੀ ਪ੍ਰੇਸਾਨੀ ਦੇ ਚਲਦਿਆਂ ਉਸ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਇਸ ਬਾਰੇ ਜਾਣਕਾਰੀ ਦਿੰਦਿਆਂ ਮ੍ਰਿਤਕ ਸੂਬਾ ਸਿੰਘ (48) ਦੀ ਪਤਨੀ ਸਰਬਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਪਤੀ ਨੇ ਸ੍ਰੀ ਰਾਮ ਫਾਈਨਾਂਸ ਕੰਪਨੀ ਤੋਂ ਕਰੀਬ 6 ਲੱਖ ਰੁਪਏ ਦਾ ਕਰਜ ਲੈ ਕੇ ਇਕ ਕੈਂਟਰ ਲਿਆ ਹੋਇਆ ਸੀ ਜਿਸ ਦੀਆਂ ਬਹੁਤੀਆਂ ਕਿਸਤਾਂ ਭਰ ਦਿੱਤੀਆਂ ਗਈਆਂ ਸਨ ਪਰ ਕੁਝ ਕਿਸਤਾਂ ਬਕਾਇਆ ਰਹਿੰਦਿਆਂ ਸਨ, ਜਿਸ ਦੇ ਚਲਦਿਆਂ ਕੰਪਨੀ ਨੇ ਉਨ੍ਹਾਂ ਤੇ ਕੇਸ ਕਰ ਦਿੱਤਾ ਸੀ। ਇਸ ਕੇਸ 'ਚ ਉਨ੍ਹਾਂ ਨੂੰ ਕੁੱਝ ਸਮੇਂ ਪਹਿਲਾਂ ਜੇਲ੍ਹ ਵੀ ਜਾਣਾ ਪਿਆ ਸੀ। ਇਸ ਦੌਰਾਨ ਉਹ ਕਰੀਬ 3 ਮਹੀਨੇ ਦੀ ਜੇਲ੍ਹ ਵੀ ਕੱਟ ਕੇ ਆਇਆ ਸੀ। ਇਸ ਤੋਂ ਬਾਅਦ ਵੀ ਉਕਤ ਕੰਪਨੀ ਨੇ ਉਨ੍ਹਾਂ ਤੇ ਬਕਾਇਆ ਪਈ ਰਕਮ ਕਹਿ ਕੇ ਕੇਸ ਕੀਤਾ ਹੋਇਆ ਸੀ। ਜਿਸ ਦੀ ਪੇਸੀ ਦੀ ਤਾਰੀਖ ਸੁੱਕਰਵਾਰ 29 ਨਵੰਬਰ ਦੀ ਸੀ। ਇਸ ਦਿਨ ਹੀ ਉਨ੍ਹਾਂ ਦੀ ਬਹਿਸ ਹੋਣੀ ਸੀ ਅਤੇ ਉਸ ਨੂੰ ਸਜਾ ਹੋਣ ਦਾ ਡਰ ਸਤਾ ਰਿਹਾ ਸੀ ਜਿਸ ਕਾਰਨ ਉਹ ਪ੍ਰੇਸਾਨ ਚਲ ਰਿਹਾ ਸੀ ਅਤੇ ਇਸੇ ਪ੍ਰੇਸਾਨੀ ਦੇ ਚਲਦਿਆਂ ਹੀ ਉਸਨੇ ਸੁੱਕਰਵਾਰ ਸਵੇਰੇ ਕਰੀਬ ਸਾਢੇ 10 ਵਜੇ ਆਪਣੇ ਘਰ ਦੇ ਕਮਰੇ 'ਚ ਲੋਹੇ ਦੀ ਪਾਈਪ ਨਾਲ ਲਟਕ ਕੇ ਆਪਣੀ ਜੀਵਨਲੀਲਾ ਸਮਾਪਤ ਕਰ ਲਈ। ਉਧਰ, ਕੰਪਨੀ ਦੇ ਸਬੰਧਿਤ ਕਰਮਚਾਰੀਆਂ ਨੇ ਸਾਰੇ ਦੋਸਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਕਿਸੇ ਤਰ੍ਹਾਂ ਦਾ ਕੋਈ ਪ੍ਰੇਸਾਨ ਨਹੀਂ ਕੀਤਾ ਗਿਆ। ਮ੍ਰਿਤਕ ਦੀ ਪਤਨੀ ਤੇ ਪਰਿਵਾਰ ਵਾਲਿਆਂ ਨੇ ਇਸ ਮਾਮਲੇ 'ਚ ਉਕਤ ਫਾਈਨਾਂਸ ਕੰਪਨੀ ਦੇ ਸਬੰਧਤ ਕਰਮਚਾਰੀਆਂ 'ਤੇ ਬਣਦੀ ਕਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਧਰ, ਸੂਚਨਾ ਮਿਲਣ ਤੇ ਮੌਕੇ 'ਤੇ ਪਹੁੰਚੇ ਪੁਲਸ ਅਧਿਕਾਰੀਆਂ ਨੇ ਆਪਣੀ ਕਾਰਵਾਈ ਸੁਰੂ ਕਰ ਦਿੱਤੀ। ਇਸ ਮੌਕੇ ਜਾਣਕਾਰੀ ਦਿੰਦਿਆਂ ਜਾਂਚ ਅਧਿਕਾਰੀ ਰਵੀ ਕਾਂਤ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰ ਵਾਲਿਆਂ ਦੇ ਬਿਆਨਾਂ ਦੇ ਅਧਾਰ 'ਤੇ ਬਣਦੀ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ।

# ਉੱਤਰੀ ਰੇਲਵੇ ਫਿਰੋਜਪੁਰ ਨੇ ਮਹੀਨੇ 'ਚ ਟਿਕਟਾਂ ਦੀ ਚੈਕਿੰਗ ਦੌਰਾਨ 3.04 ਕਰੋੜ ਦਾ ਜੁਰਮਾਨਾ ਵਸੂਲਿਆ

ਜੈਤੋਂ 19 ਦਸੰਬਰ। ਉੱਤਰੀ ਰੇਲਵੇ ਦੇ ਫ਼ਿਰੋਜਪੁਰ ਡਵੀਜਨ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਫ਼ਿਰੋਜਪੁਰ ਡਵੀਜਨ ਦੀ ਟਿਕਟ ਚੈਕਿੰਗ ਟੀਮ ਵੱਲੋਂ ਰੇਲ ਗੱਡੀਆਂ 'ਚ ਅਣ ਅਧਿਕਾਰਤ ਤੌਰ 'ਤੇ ਸਫਰ ਕਰਨ ਵਾਲੇ ਯਾਤਰੀਆਂ ਦੇ ਇਸ ਰੁਝਾਨ ਨੂੰ ਰੋਕਣ ਲਈ ਲਗਾਤਾਰ ਟਿਕਟਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਡਵੀਜਨ ਦੇ ਟਿਕਟ ਚੈਕਿੰਗ ਸਟਾਫ ਅਤੇ ਚੀਫ ਟਿਕਟ ਇੰਸਪੈਕਟਰਾਂ ਵੱਲੋਂ, 2024 ਦੌਰਾਨ ਰੇਲ ਗੱਡੀਆਂ ਦੀ ਚੈਕਿੰਗ ਦੌਰਾਨ ਕੁੱਲ 31833 ਯਾਤਰੀ ਬਿਨਾਂ ਟਿਕਟ ਜਾਂ ਬੇਨਿਯਮੀ ਨਾਲ ਸਫਰ ਕਰਦੇ ਪਾਏ ਗਏ ਅਤੇ ਉਨ੍ਹਾਂ ਤੋਂ ਜੁਰਮਾਨੇ ਵਜੋਂ ਕਰੀਬ 3.04 ਕਰੋੜ ਰੁਪਏ ਦੀ ਵਸੂਲੀ ਕੀਤੀ ਗਈ। ਹੁਣ, ਭਾਵੇਂ ਰੇਲਗੱਡੀ ਵਿੱਚ ਯਾਤਰਾ ਕਰਦੇ ਸਮੇਂ ਕਿਸੇ ਰੇਲਵੇ ਯਾਤਰੀ ਕੋਲ ਨਕਦੀ ਨਾ ਹੋਵੇ, ਉਹ ਆਨ-ਬੋਰਡ ਟਿਕਟ ਚੈਕਿੰਗ ਸਟਾਫ ਕੋਲ ਉਪਲੱਬਧ ਹੈਂਡ ਹੈਲਡ ਟਰਮੀਨਲ () ਰਾਹੀਂ ਕੋਡ/ ਨੂੰ ਸਕੈਨ ਕਰਕੇ ਭੁਗਤਾਨ ਕਰ ਸਕਦਾ ਹੈ। ਚਾਲੂ ਵਿੱਤੀ ਸਾਲ ਦੇ ਜਨਵਰੀ ਮਹੀਨੇ ਵਿੱਚ ਫ਼ਿਰੋਜਪੁਰ ਡਵੀਜਨ ਨੂੰ ਕਿਊਆਰ ਕੋਡ/ਯੂਪੀਆਈ ਸਕੈਨ ਰਾਹੀਂ ਟਿਕਟ ਚੈਕਿੰਗ ਨਾਲ ਸਬੰਧਿਤ ਲੈਣ-ਦੇਣ ਤੋਂ 1.31 ਲੱਖ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ, ਜੋ ਮਈ ਮਹੀਨੇ ਵਿੱਚ ਵੱਧ ਕੇ 7.30 ਲੱਖ ਰੁਪਏ ਹੋ ਗਿਆ। ਜਨਵਰੀ ਅਤੇ ਮਈ ਦੇ ਮਹੀਨਿਆਂ ਲਈ ਕੋਡ/ ਸਕੈਨਿੰਗ ਰਾਹੀਂ ਕਮਾਈ ਕੀਤੀ ਆਮਦਨ ਦੀ ਤੁਲਨਾ ਕਰਦੇ ਹੋਏ, ਫ਼ਿਰੋਜਪੁਰ ਡਿਵੀਜਨ ਵਿੱਚ 557 ਫੀਸਦੀ ਵਾਧਾ ਹੋਇਆ ਹੈ। ਫ਼ਿਰੋਜਪੁਰ ਡਵੀਜਨ ਵਿੱਚ ਸਮੇਂ-ਸਮੇਂ 'ਤੇ ਰੇਲਵੇ ਯਾਤਰੀਆਂ



ਨੂੰ ਕੋਡ ਬਾਰੇ ਜਾਗਰੂਕ ਕਰਨ ਲਈ ਮੁਹਿੰਮ ਚਲਾਈ ਜਾਂਦੀ ਹੈ, ਜਿਸ ਦੇ ਨਤੀਜੇ ਵਜੋਂ ਉਪਭੋਗਤਾਵਾਂ ਦੀ ਗਿਣਤੀ ਦਿਨੋਂ-ਦਿਨ ਵੱਧ ਰਹੀ ਹੈ। ਡਵੀਜਨ ਦੇ ਰੇਲਵੇ ਸਟੇਸਨਾਂ ਨੂੰ ਸਾਫ-ਸੁਥਰਾ ਰੱਖਣ ਅਤੇ ਆਮ ਲੋਕਾਂ ਨੂੰ ਸਟੇਸਨਾਂ 'ਤੇ ਕੂੜਾ ਸੁੱਟਣ ਤੋਂ ਰੋਕਣ ਅਤੇ ਸਫਾਈ ਪ੍ਰਤੀ ਜਾਗਰੂਕ ਕਰਨ ਲਈ ਡਵੀਜਨ ਦੇ ਮੁੱਖ ਸਟੇਸਨਾਂ 'ਤੇ ਰੈਗੂਲਰ ਤੌਰ 'ਤੇ ਚੈਕਿੰਗ ਕੀਤੀ ਜਾਂਦੀ ਹੈ। ਇਸ ਦੇ ਨਤੀਜੇ ਵਜੋਂ ਮਈ ਮਹੀਨੇ ਦੌਰਾਨ ਸਟੇਸਨ ਕੰਪਲੈਕਸ (ਐਂਟੀ ਲਿਟਰਿੰਗ ਐਕਟ) ਵਿੱਚ ਕੂੜਾ ਸੁੱਟਣ ਵਾਲੇ 301 ਯਾਤਰੀਆਂ ਤੋਂ 54 ਹਜਾਰ ਰੁਪਏ ਤੋਂ ਵੱਧ ਦੀ ਵਸੂਲੀ ਕੀਤੀ ਗਈ। ਇਸ ਤੋਂ ਇਲਾਵਾ ਯਾਤਰੀਆਂ ਨੂੰ ਸਫਾਈ ਪ੍ਰਤੀ ਜਾਗਰੂਕ ਕਰਨ ਲਈ ਸਮੇਂ-ਸਮੇਂ 'ਤੇ ਸਫਾਈ ਮੁਹਿੰਮ ਵੀ ਚਲਾਈ ਜਾਂਦੀ ਹੈ। ਰੇਲਵੇ ਮਾਲੀਆ ਵਧਾਉਣ ਦੇ ਨਾਲ-ਨਾਲ ਫ਼ਿਰੋਜਪੁਰ ਡਵੀਜਨ ਦਾ ਟਿਕਟ ਚੈਕਿੰਗ ਸਟਾਫ ਯਾਤਰੀਆਂ ਦੀ ਮਦਦ ਕਰਕੇ ਸਮਾਜਿਕ ਫਰਜ ਵੀ ਨਿਭਾ ਰਿਹਾ ਹੈ ਕਿਉਂਕਿ ਕੰਮ ਪ੍ਰਤੀ ਸਮਰਪਿਤ ਟਿਕਟ ਚੈਕਿੰਗ ਸਟਾਫ ਦਾ ਮਨੋਬਲ ਵਧਾਉਣ ਲਈ ਰੇਲਵੇ ਪ੍ਰਸਾਸਨ ਵੱਲੋਂ ਉਨ੍ਹਾਂ ਨੂੰ ਸਮੇਂ-ਸਮੇਂ 'ਤੇ ਪ੍ਰਸੰਸਾ ਪੱਤਰ ਦਿੱਤੇ ਜਾਂਦੇ ਹਨ।

## ਸਾਰਟ ਸਰਕਟ ਕਾਰਨ ਕੱਪੜਾ ਫੈਕਟਰੀ 'ਚ ਲੱਗੀ ਭਿਆਨਕ ਅੱਗ

ਲੁਧਿਆਣਾ 19 ਦਸੰਬਰ। ਇੱਥੇ ਅੱਜ ਦੁਪਹਿਰ ਬਾਅਦ ਇਕ ਕੱਪੜਾ ਫੈਕਟਰੀ 'ਚ ਸਾਰਟ ਸਰਕਟ ਹੋਣ ਕਾਰਨ ਅੱਗ ਲੱਗਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਮਿਹਰਬਾਨ ਅਧੀਨ ਪੈਂਦੇ ਪਿੰਡ ਬਾਜੜਾ 'ਚ ਫੈਕਟਰੀ ਮਾਲਕ ਦਵਿੰਦਰ ਕੁਮਾਰ ਨੇ ਦੱਸਿਆ ਕਿ ਰਾਤ ਕਰੀਬ 12.30 ਵਜੇ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਸਾਰਟ ਸਰਕਟ ਕਾਰਨ ਫੈਕਟਰੀ ਦੇ ਇਕ ਹਾਲ 'ਚ ਅਚਾਨਕ ਅੱਗ ਲੱਗ ਗਈ। ਇਸ ਮਗਰੋਂ ਅੱਗ ਬੁਝਾਊ ਦਸਤੇ ਦੀਆਂ 10 ਗੱਡੀਆਂ ਮੌਕੇ 'ਤੇ ਪੁੱਜੀਆਂ, ਜਿਨ੍ਹਾਂ ਨੇ ਕਰੀਬ 3 ਘੰਟੇ ਬਾਅਦ ਅੱਗ 'ਤੇ ਕਾਬੂ ਪਾਇਆ, ਜਦਕਿ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

### ਮਹਾ ਕੁੰਭ ਮੇਲੇ ਲਈ ਮੁਫਤ ਸਫਰ ਦਾ ਕੋਈ ਪ੍ਰਬੰਧ ਨਹੀਂ

ਨਵੀਂ ਦਿੱਲੀ 19 ਦਸੰਬਰ। ਰੇਲ ਮੰਤਰਾਲਾ ਨੇ ਬੁੱਧਵਾਰ ਉਨ੍ਹਾਂ ਦਾਅਵਿਆਂ ਨੂੰ ਬੇਬੁਨਿਆਦ ਤੇ ਗੁੰਮਰਾਹਕੁੰਨ ਕਰਾਰ ਦਿੱਤਾ ਜਿਨ੍ਹਾਂ 'ਚ ਕਿਹਾ ਗਿਆ ਸੀ ਕਿ ਮਹਾ ਕੁੰਭ ਮੇਲੇ ਦੌਰਾਨ ਮੁਸਾਫਰਾਂ ਨੂੰ ਮੁਫਤ ਸਫਰ ਦੀ ਇਜਾਜਤ ਦਿੱਤੀ ਜਾਵੇਗੀ। ਮੰਤਰਾਲਾ ਨੇ ਸਪੱਸ਼ਟ ਕੀਤਾ ਕਿ ਅਜਿਹੀ ਕੋਈ ਵਿਵਸਥਾ ਨਹੀਂ ਹੈ। ਇਕ ਬਿਆਨ 'ਚ ਮੰਤਰਾਲਾ ਨੇ ਕਿਹਾ ਕਿ ਭਾਰਤੀ ਰੇਲਵੇ ਦੇ ਧਿਆਨ 'ਚ ਆਇਆ ਹੈ ਕਿ ਕੁਝ ਮੀਡੀਆ ਅਦਾਰੇ ਅਜਿਹੀਆਂ ਰਿਪੋਰਟਾਂ ਪ੍ਰਕਾਸ਼ਿਤ ਤੇ ਪ੍ਰਸਾਰਿਤ ਕਰ ਰਹੇ ਹਨ ਕਿ ਮਹਾ ਕੁੰਭ ਮੇਲੇ ਦੌਰਾਨ ਮੁਸਾਫਰਾਂ ਨੂੰ ਮੁਫਤ ਸਫਰ ਦੀ ਇਜਾਜਤ ਦਿੱਤੀ ਜਾਵੇਗੀ। ਬਿਆਨ 'ਚ ਕਿਹਾ ਗਿਆ ਹੈ ਕਿ ਭਾਰਤੀ ਰੇਲਵੇ ਅਜਿਹੀਆਂ ਰਿਪੋਰਟਾਂ ਨੂੰ ਸਪੱਸ਼ਟ ਰੂਪ 'ਚ ਰੱਦ ਕਰਦਾ ਹੈ। ਜਾਇਜ ਟਿਕਟ ਤੋਂ ਬਿਨਾਂ ਸਫਰ ਕਰਨਾ ਸਖਤੀ ਨਾਲ ਮਨ੍ਹਾ ਹੈ। ਇਝ ਕਰਨਾ ਭਾਰਤੀ ਰੇਲਵੇ ਦੇ ਨਿਯਮਾਂ ਅਧੀਨ ਸਜਾਯੋਗ ਅਪਰਾਧ ਹੈ।

### ਚੱਲਦੀ ਸਕੂਲ ਬੱਸ 'ਚ ਲੱਗੀ ਭਿਆਨਕ ਅੱਗ

ਮਹਾਰਾਸ਼ਟਰ 19 ਦਸੰਬਰ। ਮਹਾਰਾਸ਼ਟਰ ਦੇ ਛੱਤਰਪਤੀ ਸ਼ੰਭਾਜੀਨਗਰ 'ਚ ਬੁੱਧਵਾਰ ਇਕ ਵੱਡਾ ਹਾਦਸਾ ਹੋਣ ਤੋਂ ਟਲ ਗਿਆ। ਵਿਦਿਆਰਥੀਆਂ ਨੂੰ ਲੈ ਕੇ ਜਾ ਰਹੀ ਇਕ ਸਕੂਲ ਬੱਸ ਵਿਚ ਅਚਾਨਕ ਅੱਗ ਲੱਗ ਗਈ ਪਰ ਬੱਸ ਵਿਚ ਮੌਜੂਦ ਬੱਚਿਆਂ ਨੂੰ ਸਮੇਂ ਰਹਿੰਦੇ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਹਾਦਸੇ ਦੇ ਸਮੇਂ ਬੱਸ ਵਿਚ ਕਈ ਵਿਦਿਆਰਥੀ ਸਵਾਰ ਸਨ ਪਰ ਡਰਾਈਵਰ ਦੀ ਚੌਕਸੀ ਨਾਲ ਇਕ ਵੱਡਾ ਹਾਦਸਾ ਟਲ ਗਿਆ। ਘਟਨਾ ਦੌਰਾਨ ਬੱਸ ਵਿਚ ਅੱਗ ਇੰਨੀ ਤੇਜੀ ਨਾਲ ਫੈਲੀ ਕਿ ਕੁਝ ਹੀ ਦੇਰ ਵਿਚ ਪੂਰੀ ਬੱਸ ਸੜ ਕੇ ਸੁਆਹ ਹੋ ਗਈ। ਅੱਗ ਲੱਗਦੇ ਹੀ ਬੱਸ ਡਰਾਈਵਰ ਨੇ ਤੁਰੰਤ ਬੱਸ ਨੂੰ ਕਿਨਾਰੇ 'ਤੇ ਰੋਕ ਕੇ ਸਾਰੇ ਬੱਚਿਆਂ ਨੂੰ ਬਾਹਰ ਕੱਢਿਆ। ਮੌਕੇ 'ਤੇ ਪਹੁੰਚੀ ਫਾਇਰ ਬ੍ਰਿਗੇਡ ਨੇ ਬਾਅਦ ਵਿਚ ਅੱਗ 'ਤੇ ਕਾਬੂ ਪਾਇਆ। ਹਾਲਾਂਕਿ ਅੱਗ ਲੱਗਣ ਦਾ ਕਾਰਨ ਅਜੇ ਤੱਕ ਸਪੱਸ਼ਟ ਨਹੀਂ ਹੋ ਸਕਿਆ ਹੈ। ਸ਼ੁਰੂਆਤੀ ਜਾਣਕਾਰੀ ਮੁਤਾਬਕ ਸ਼ਾਰਟ ਸਰਕਿਟ ਅੱਗ ਲੱਗਣ ਦੀ ਵਜ੍ਹਾ ਹੋ ਸਕਦਾ ਹੈ ਪਰ ਜਾਂਚ ਮਗਰੋਂ ਪੂਰੀ ਸੱਚਾਈ ਸਾਹਮਣੇ ਆਵੇਗੀ। ਡਰਾਈਵਰ ਦੀ ਚੌਕਸੀ ਅਤੇ ਤੁਰੰਤ ਕਾਰਵਾਈ ਨੇ ਬੱਚਿਆਂ ਦੀ ਜਾਨ ਬਚਾ ਕੇ ਇਕ ਵੱਡੇ ਹਾਦਸੇ ਨੂੰ ਟਾਲ ਦਿੱਤਾ।

# ਝੂਲਾ ਬਣਿਆ ਜਾਨ ਦਾ ਦੁਸ਼ਮਣ ! 30 ਸੈਕੰਡ ਤਕ ਲਟਕਦੀ ਰਹੀ ਕੁੜੀ, ਰੌਂਦੀ ਹੋਈ ਮਾਰਦੀ ਰਹੀ ਚੀਕਾਂ

ਉੱਤਰ ਪ੍ਰਦੇਸ 19 ਦਸੰਬਰ। ਸੋਸਲ ਮੀਡੀਆ 'ਤੇ ਹਰ ਰੋਜ ਕੋਈ ਨਾ ਕੋਈ ਵੀਡੀਓ ਅਜਿਹੀ ਸਾਹਮਣੇ ਆ ਜਾਂਦੀ ਹੈ, ਜਿਸ ਨੂੰ ਦੇਖ ਲੋਕਾਂ ਦਾ ਤ੍ਰਾਅ ਨਿਕਲ ਜਾਂਦਾ ਹੈ। ਲੋਕਾਂ ਨੂੰ ਹੈਰਾਨ ਕਰ ਦੇਣ ਵਾਲੀ ਇਕ ਹੋਰ ਵੀਡੀਓ ਲਖੀਮਪੁਰ, ਯੂਪੀ ਵਿਖੇ ਲੱਗੇ ਮੇਲੇ ਦੀ ਵਾਇਰਲ ਹੋ ਰਹੀ ਹੈ, ਜਿਸ ਨੂੰ ਦੇਖ ਲੋਕਾਂ ਦੇ ਹੋਸ਼ ਉੱਡ ਗਏ। ਮਿਲੀ ਜਾਣਕਾਰੀ ਅਨੁਸਾਰ ਉੱਤਰ ਪ੍ਰਦੇਸ ਦੇ ਖੇੜੀ ਜਿ਼ਲ੍ਹੇ ਦੇ ਨਿਘਾਸਨ ਇਲਾਕੇ ਦੇ ਰਾਕੇਹਾਟੀ ਪਿੰਡ ਵਿੱਚ ਇੱਕ 13 ਸਾਲਾ ਕੁੜੀ ਝੂਲਾ ਝੂਲਸੇ ਸਮੇਂ ਇਕ ਵੱਡੇ ਝੂਲੇ ਤੋਂ ਹੇਠਾਂ ਡਿੱਗ ਗਈ ਅਤੇ ਲੋਹੇ ਦੇ ਐਂਗਲ ਨਾਲ ਲਟਕ ਗਈ। ਦੂਜੇ ਪਾਸੇ ਇਸ ਘਟਨਾ ਤੋਂ ਬਾਅਦ ਕੁੜੀ ਨੇ ਉੱਚੀ-ਉੱਚੀ ਚੀਕਾਂ ਮਾਰੀਆਂ, ਜਿਸ ਨੂੰ ਦੇਖ ਕੇ ਆਲੇ-ਦੁਆਲੇ ਦੇ ਲੋਕ ਹੈਰਾਨ ਹੋ ਗਏ। ਹਾਲਾਂਕਿ ਕਾਫੀ ਮੁਸੱਕਤ ਤੋਂ ਬਾਅਦ ਬੱਚੀ ਨੂੰ ਸੁਰੱਖਿਅਤ ਹੇਠਾਂ ਉਤਾਰ ਦਿੱਤਾ ਗਿਆ। ਬੱਚੀ ਦੇ ਝੂਲੇ ਤੋਂ ਹੇਠਾਂ ਡਿੱਗਣ ਦੀ ਘਟਨਾ ਦਾ ਵੀਡੀਓ ਸੋਸਲ ਮੀਡੀਆ 'ਤੇ ਤੇਜੀ ਨਾਲ ਵਾਇਰਲ ਹੋ ਗਿਆ ਹੈ, ਜਿਸ ਵਿਚ ਬੱਚੀ ਲਟਕਦੀ ਹੋਈ ਦਿਖਾਈ ਦੇ ਰਹੀ ਹੈ ਅਤੇ ਝੂਲਾ ਚੱਲ ਰਿਹਾ ਹੈ। ਦੱਸ ਦੇਈਏ ਕਿ ਕੁੜੀ 30 ਸੈਕਿੰਡ ਤੱਕ 60 ਫੁੱਟ ਉੱਚੇ



ਝੂਲੇ 'ਤੇ ਲਟਕਦੀ ਰਹੀ, ਜਿਸ ਨੂੰ ਦੇਖ ਕੇ ਹੇਠਾਂ ਖੜ੍ਹੇ ਲੋਕ ਹੈਰਾਨ ਅਤੇ ਪ੍ਰੇਸਾਨ ਹੋ ਗਏ। ਵਾਇਰਲ ਹੋ ਰਹੀ ਇਹ ਵੀਡੀਓ ਲਖੀਮਪੁਰ ਜਿ਼ਲ੍ਹੇ ਦੇ ਨਿਘਾਸਨ ਕੋਤਵਾਲੀ ਇਲਾਕੇ ਦੇ ਪਿੰਡ ਰਾਕੇਹਾਟੀ ਦੇਹਤ 'ਚ ਚੱਲ ਰਹੇ ਝੱਲੂ ਮੇਲੇ ਦੀ ਹੈ। ਉਕਤ ਮੇਲੇ ਵਿਚ ਵੱਡੇ ਅਤੇ ਖਤਰਨਾਕ ਝੂਲੇ ਲੱਗੇ ਹੋਏ ਹਨ। 13 ਸਾਲਾਂ ਕੁੜੀ ਵੀ ਵੱਡਾ ਝੂਲਾ ਝੂਲ ਰਹੀ ਸੀ ਕਿ ਉਹ ਅਚਾਨਕ ਖਿਸਕ ਗਈ ਅਤੇ ਝੂਲੇ ਤੋਂ ਹੇਠਾਂ ਡਿੱਗ ਗਈ। ਕੁੜੀ ਨੂੰ ਦੇਖ ਕੇ ਲੋਕ ਰੌਲਾ ਪਾਉਣ ਲੱਗ ਪਏ। ਕਾਫੀ ਕੋਸਿ਼ਸ ਤੋਂ ਬਾਅਦ ਝੂਲੇ ਨੂੰ ਰੋਕਿਆ ਗਿਆ ਅਤੇ ਕੁੜੀ ਨੂੰ ਬਚਾਅ ਲਿਆ ਗਿਆ। ਝੂਲੇ ਤੋਂ ਡਿੱਗਣ ਦੇ ਬਾਵਜੂਦ ਕੁੜੀ ਨੇ ਹਿੰਮਤ ਜੁਟਾਈ। ਉਸ ਨੇ ਝੂਲੇ ਦਾ ਲੋਹੇ ਦਾ ਐਂਗਲ ਨਹੀਂ ਛੱਡਿਆ ਅਤੇ ਉਹ ਚੀਕਦੀ ਰਹੀ। ਝੂਲੇ ਨਾਲ ਲਟਕਦੀ ਬੱਚੀ ਨੂੰ ਦੇਖ ਕੇ ਲੋਕਾਂ 'ਚ ਦਹਿਸਤ ਫੈਲ ਗਈ। ਰੌਲਾ ਪੈਣ 'ਤੇ ਚਾਲਕ ਨੇ ਝੂਲਾ ਬੰਦ ਕਰ ਦਿੱਤਾ ਅਤੇ ਡਰੀ ਹੋਈ ਕੁੜੀ ਨੂੰ ਹੇਠਾਂ ਉਤਾਰਿਆ। ਝੂਲੇ ਨਾਲ ਲਟਕਦੀ ਲੜਕੀ ਦਾ ਵੀਡੀਓ ਵੀ ਸੋਸਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ ਵੀਡੀਓ ਨੂੰ ਦੇਖ ਕੇ ਲੋਕ ਵੱਖ-ਵੱਖ ਤਰ੍ਹਾਂ ਦੀਆਂ ਪ੍ਰਤੀਕਿਰਿਆ ਦੇ ਰਹੇ ਹਨ। ਕੁਝ ਬੱਚਿਆਂ ਨੂੰ ਅਜਿਹੇ ਝੂਲਿਆਂ ਤੋਂ ਦੂਰ ਰੱਖਣ ਦੀ ਸਲਾਹ ਦੇ ਰਹੇ ਹਨ।

### ਫਾਇਨਾਂਸ ਕੰਪਨੀ ਦੇ ਬਰਾਂਚ ਮੈਨੇਜਰ ਤੇ ਕੈਸ਼ੀਅਰ 'ਤੇ 3 ਲੱਖ ਤੋਂ ਵਧੇਰੇ ਦੀ ਚੋਰੀ ਕਰਨ ਦੇ ਦੋਸ਼

ਫ਼ਰੀਦਕੋਟ 19 ਦਸੰਬਰ। ਇੱਕ ਪ੍ਰਾਈਵੇਟ ਫਾਇਨਾਂਸ ਕੰਪਨੀ ਦੀ ਫ਼ਰੀਦਕੋਟ ਵਿਖੇ ਸਥਿਤ ਬਰਾਂਚ ਵਿਚੋਂ 3 ਲੱਖ 30 ਹਜਾਰ ਰੁਪਏ ਚੋਰੀ ਕਰਨ ਦੇ ਦੋਸ਼ ਤਹਿਤ ਫਾਇਨਾਂਸ ਕੰਪਨੀ ਦੇ ਬਰਾਂਚ ਮੈਨੇਜਰ ਗੁਰਚਰਨ ਸਿੰਘ ਵਾਸੀ ਪਿੰਡ ਮੱਲਕੇ ਅਤੇ ਕੈਸ਼ੀਅਰ ਧਰਮਪ੍ਰੀਤ ਸਿੰਘ ਵਾਸੀ ਅਰਨੀਵਾਲਾ 'ਤੇ ਸਥਾਨਕ ਥਾਣਾ ਸਿਟੀ ਵਿਖੇ ਬਰਾਂਚ ਦੇ ਯੂਨਿਟ ਮੈਨੇਜਰ ਗੁਰਵਿੰਦਰ ਸਿੰਘ ਦੀ ਸ਼ਿਕਾਇਤ 'ਤੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਯੂਨਿਟ ਮੈਨੇਜਰ ਗੁਰਵਿੰਦਰ ਸਿੰਘ ਨੇ ਸ਼ਿਕਾਇਤ ਵਿਚ ਦੱਸਿਆ ਕਿ ਪ੍ਰਾਈਵੇਟ ਫਾਇਨਾਂਸ ਕੰਪਨੀ ਗਰੁੱਪ ਲੋਨ ਦਿੰਦੀ ਹੈ ਜਿਸ ਵਿਚ ਉਕਤ ਦੋਵੇਂ ਕੰਮ ਕਰਦੇ ਹਨ ਅਤੇ ਇਹ ਦੋਵੇਂ ਰਾਤ ਸਮੇਂ ਬਰਾਂਚ ਵਿਚ ਹੀ ਸੌਂਦੇ ਹਨ। ਸ਼ਿਕਾਇਤਕਰਤਾ ਨੇ ਦੱਸਿਆ ਕਿ ਦੋ ਦਿਨ ਦੀ ਛੁੱਟੀ ਹੋਣ ਕਰਕੇ 13 ਦਸੰਬਰ ਨੂੰ ਬਰਾਂਚ ਨੂੰ ਤਾਲਾ ਲਗਾ ਕੇ ਉਹ ਚਲਾ ਗਿਆ ਅਤੇ ਜਦੋਂ 16 ਦਸੰਬਰ ਨੂੰ ਬਰਾਂਚ ਖੋਲ੍ਹੀ ਤਾਂ ਬਾਹਰਲੇ ਗੇਟ ਦਾ ਤਾਲਾ ਟੁੱਟਾ ਹੋਇਆ ਸੀ ਅਤੇ ਸੇਫ ਕੱਟ ਕੇ ਇਸ ਵਿਚ ਪਏ 3 ਲੱਖ 30 ਹਜਾਰ ਰੁਪਏ ਚੋਰੀ ਹੋ ਚੁੱਕੇ ਸਨ। ਯੂਨਿਟ ਮੈਨੇਜਰ ਅਨੁਸਾਰ ਜਦੋਂ ਉਸਨੇ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਇਹ ਚੋਰੀ ਉਕਤ ਦੋਵਾਂ ਕਰਮਚਾਰੀਆਂ ਨੇ ਕੀਤੀ ਹੈ। ਇਸ ਮਾਮਲੇ ਵਿਚ ਅਜੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਬਾਕੀ ਹੈ।

# ਲੋਕਾਂ 'ਚ ਤੇਜੀ ਨਾਲ ਵਧ ਰਹੀ ਹੈ ਫਰੋਜਨ ਸਨੈਕਸ ਦੀ ਲੋਕਪ੍ਰਿਅਤਾ, ਰਿਪੋਰਟ ਨੇ ਕੀਤਾ ਦਾਅਵਾ

ਨੈਸ਼ਨਲ ਡੈਸਕ 19 ਦਸੰਬਰ। ਬਦਲਦੀ ਜੀਵਨਸੈਲੀ ਅਤੇ ਤਿਉਹਾਰਾਂ ਕਾਰਨ ਫਰੋਜਨ ਸਨੈਕਸ ਦੀ ਲੋਕਪ੍ਰਿਅਤਾ ਤੇਜੀ ਨਾਲ ਵਧ ਰਹੀ ਹੈ ਅਤੇ ਜਿ਼ਆਦਾਤਰ ਦਿੱਲੀ ਵਾਸੀਆਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਸਨੈਕਿੰਗ ਦੀ ਆਦਤ ਪਹਿਲਾਂ ਨਾਲੋਂ ਵੱਧ ਗਈ ਹੈ। ਗੋਦਰੇਜ ਫੂਡਜ ਲਿਮਿਟੇਡ ਦੇ ਰੈਡੀ-ਟੂ-ਕੁੱਕ ਬ੍ਰਾਂਡ, ਗੋਦਰੇਜ ਯਮੀਜ ਨੇ 'ਇੰਡੀਆਜ ਫਰੋਜਨ ਸਨੈਕ ਰਿਪੋਰਟ: ਡੀਕੋਡਿੰਗ ਹਾਉ ਇੰਡੀਆ ਸਨੈਕਸ' ਲਾਂਚ ਕੀਤਾ ਹੈ, ਜਿਸ 'ਚ ਇਹ ਦਾਅਵਾ ਕੀਤਾ ਗਿਆ ਹੈ। ਇਸ 'ਚ ਕਿਹਾ ਗਿਆ ਹੈ ਕਿ ਭਾਰਤੀ ਪਰਿਵਾਰਾਂ 'ਚ ਫਰੋਜਨ ਸਨੈਕਸ ਕਿਵੇਂ ਤੇਜੀ ਨਾਲ ਆਮ ਹੋ ਗਏ ਹਨ। ਹਲਕੀ ਭੁੱਖ ਤੋਂ ਲੈ ਕੇ ਪੂਰਾ ਭੋਜਨ ਕਰਨ ਤੱਕ, 53 ਫੀਸਦੀ ਤੋਂ ਵੱਧ ਭਾਰਤੀ ਹੁਣ ਆਪਣੀ ਰੋਜਾਨਾ ਖ਼ੁਰਾਕ ਵਿਚ ਫਰੋਜਨ ਸਨੈਕਸ ਨੂੰ ਸਾਮਲ ਕਰ ਰਹੇ ਹਨ। ਇਹ ਤਬਦੀਲੀ ਰੁਝੀ ਸਮੇਂ-ਸਾਰਣੀ ਅਤੇ ਸੁਵਿਧਾਜਨਕ, ਸਵਾਦ ਵਿਕਲਪਾਂ ਦੀ ਵਧਦੀ ਮੰਗ ਨੂੰ ਦਰਸਾਉਂਦੀ ਹੈ। ਦੇਸ ਦੇ 16 ਸਹਿਰਾਂ ਦੇ 2000 ਤੋਂ ਵੱਧ ਲੋਕਾਂ ਦਾ ਸਰਵੇ ਕੀਤਾ ਗਿਆ। ਇਨ੍ਹਾਂ ਸਹਿਰਾਂ 'ਚ ਮੁੰਬਈ, ਦਿੱਲੀ ਐੱਨਸੀਆਰ, ਪੁਣੇ, ਅਹਿਮਦਾਬਾਦ, ਜੈਪੁਰ, ਲਖਨਊ, ਕੋਲਕਾਤਾ, ਚੇਨਈ, ਹੈਦਰਾਬਾਦ ਅਤੇ ਬੈਂਗਲੁਰੂ ਸਾਮਲ ਹਨ। ਇਸ ਰਿਪੋਰਟ 'ਚ ਭਾਰਤ 'ਚ ਫਰੋਜਨ ਸਨੈਕਸ ਦੀ ਦੁਨੀਆ ਨੂੰ ਸਮਝਣ ਲਈ 5 ਪ੍ਰਮੁੱਖ ਪਹਿਲੂਆਂ-ਸੁਰੱਖਿਆ, ਤਕਨਾਲੋਜੀ, ਸਵਾਦ, ਸਹੂਲਤ ਅਤੇ ਮੂਡ ਨੂੰ ਬਿਹਤਰ ਬਣਾਉਣ (ਐੱਸਟੀਟੀਈਐੱਮ 2.0) 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਇਹ ਰਿਪੋਰਟ ਭਾਰਤੀ ਖਪਤਕਾਰਾਂ 'ਚ ਮੌਜੂਦ ਮਿੱਥਾਂ ਅਤੇ ਸੱਚਾਈ ਨੂੰ ਉਜਾਗਰ ਕਰਦੀ ਹੈ, ਜੋ ਫਰੋਜਨ ਸਨੈਕਸ ਨੂੰ ਲੈ ਕੇ ਬਣੀ ਹੋਈ ਹੈ। ਇਸ 'ਚ ਕਿਹਾ ਗਿਆ ਹੈ ਕਿ ਦਿੱਲੀ ਦੇ 57 ਫੀਸਦੀ ਲੋਕ ਖਾਣੇ ਦੇ ਦਰਮਿਆਨ ਫਰੋਜਨ ਸਨੈਕਸ ਖਾਣਾ ਪਸੰਦ ਕਰਦੇ ਹਨ। 80 ਫੀਸਦੀ ਦਿੱਲੀ ਵਾਲਿਆਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਸਨੈਕਿੰਗ ਦੀ ਆਦਤ ਪਹਿਲਾਂ ਨਾਲੋਂ ਵੱਧ ਗਈ ਹੈ। 78 ਫੀਸਦੀ ਲੋਕਾਂ ਨੂੰ ਕੁਰਕਰੇ ਸਨੈਕਸ ਸਭ ਤੋਂ ਜਿ਼ਆਦਾ ਪਸੰਦ ਆਉਂਦੇ ਹਨ। ਦਿੱਲੀ ਦੇ 75 ਫੀਸਦੀ ਲੋਕ ਖਾਸ ਤੌਰ 'ਤੇ ਭਾਰਤੀ ਸੁਆਦ ਵਾਲੇ ਫਰੋਜਨ ਸਨੈਕਸ ਪਸੰਦ ਕਰਦੇ ਹਨ



### ਮੱਧ ਪ੍ਰਦੇਸ਼ 'ਚ ਵਿਦਿਆਰਥੀ ਨੇ ਪ੍ਰਿੰਸੀਪਲ ਨੂੰ ਮਾਰੀ ਗੋਲੀ

ਛਤਰਪੁਰ 19 ਦਸੰਬਰ। ਮੱਧ ਪ੍ਰਦੇਸ ਦੇ ਛਤਰਪੁਰ ਜਿ਼ਲ੍ਹੇ ਵਿਚ ਸੁੱਕਰਵਾਰ ਦੁਪਹਿਰ ਨੂੰ 12ਵੀਂ ਜਮਾਤ ਦੇ ਇਕ ਵਿਦਿਆਰਥੀ ਨੇ ਆਪਣੇ ਸਕੂਲ ਦੇ ਪ੍ਰਿੰਸੀਪਲ ਐੱਸ. ਕੇ. ਸਕਸੈਨਾ (55) ਦੀ ਕਥਿਤ ਤੌਰ 'ਤੇ ਗੋਲੀ ਮਾਰ ਕੇ ਹੱਤਿਆ



ਕਰ ਦਿੱਤੀ ਅਤੇ ਆਪਣੇ ਇਕ ਸਾਥੀ ਨਾਲ ਪ੍ਰਿੰਸੀਪਲ ਦੀ ਸਕੂਟੀ ਲੈ ਕੇ ਫਰਾਰ ਹੋ ਗਿਆ। ਪੁਲਸ ਸੁਪਰਡੈਂਟ ਅਗਮ ਜੈਨ ਨੇ ਦੱਸਿਆ ਕਿ ਐੱਸ. ਕੇ. ਸਕਸੈਨਾ ਨੂੰ ਦੁਪਹਿਰ ਕਰੀਬ ਡੇਢ ਵਜੇ ਧਮੋਰਾ ਸਰਕਾਰੀ ਹਾਇਰ ਸਕੂਲ ਦੀ ਟਾਇਲਟ ਨੇੜੇ ਗੋਲੀ ਮਾਰੀ ਗਈ, ਜੋ ਉਨ੍ਹਾਂ ਦੇ ਸਿਰ ਵਿਚ ਲੱਗੀ। ਉਨ੍ਹਾਂ ਦੱਸਿਆ ਕਿ ਸਕਸੈਨਾ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਸੁਪਰਡੈਂਟ ਨੇ ਦੱਸਿਆ ਕਿ ਮੁਲਜਮ ਵਿਦਿਆਰਥੀ ਅਤੇ ਉਸ ਦਾ ਸਾਥੀ ਇਕੋ ਸਕੂਲ ਦੇ ਵਿਦਿਆਰਥੀ ਹਨ। ਇੰਚਾਰਜ ਜਿ਼ਲਾ ਸਿੱਖਿਆ ਅਧਿਕਾਰੀ ਆਰ. ਪੀ. ਪ੍ਰਜਾਪਤੀ ਨੇ ਦੱਸਿਆ ਕਿ ਸਕਸੈਨਾ ਪਿਛਲੇ 5 ਸਾਲਾਂ ਤੋਂ ਧਮੋਰਾ ਸਰਕਾਰੀ ਹਾਇਰ ਸਕੂਲ ਦੇ ਪ੍ਰਿੰਸੀਪਲ ਸਨ।

# ਦੂਜੀ ਪਤਨੀ ਦੀ ਹੱਤਿਆ ਕਰ ਭੱਜਿਆ ਬਿਹਾਰ, ਕੁੱਝ ਹੀ ਦਿਨਾਂ 'ਚ ਕਰਵਾ ਲਿਆ ਤੀਜਾ ਵਿਆਹ

ਬੈਂਗਲੁਰੂ 19 ਦਸੰਬਰ। ਬੈਂਗਲੁਰੂ ਦੇ ਬਾਹਰੀ ਇਲਾਕੇ ਵਿਚ ਇਕ ਨਾਲੇ ਵਿਚੋਂ ਇਕ ਔਰਤ ਦੀ ਸੜੀ ਹੋਈ ਲਾਸ ਮਿਲਣ ਤੋਂ ਕੁਝ ਦਿਨ ਬਾਅਦ ਹੀ ਪੁਲਸ ਨੇ ਉਸ ਦੇ ਪਤੀ ਮੁਹੰਮਦ ਨਸੀਮ (39) ਨੂੰ ਬਿਹਾਰ ਤੋਂ ਗ੍ਰਿਫਤਾਰ ਕਰ ਲਿਆ ਹੈ। ਪੁਲਸ ਮੁਤਾਬਕ ਨਸੀਮ ਤੇ ਉਸ ਦੀ ਦੂਜੀ ਪਤਨੀ ਰੁਮੇਸ ਖਾਤੂਨ (22) ਅਕਸਰ ਛੋਟੀਆਂ-ਛੋਟੀਆਂ ਗੱਲਾਂ ਨੂੰ ਲੈ ਕੇ ਇਕ-ਦੂਜੇ ਨਾਲ ਝਗੜਾ ਕਰਦੇ ਰਹਿੰਦੇ ਸਨ। ਨਸੀਮ ਨੂੰ ਆਪਣੀ ਪਤਨੀ ਦੇ ਚਰਿੱਤਰ 'ਤੇ ਸੱਕ ਸੀ ਅਤੇ ਉਹ ਉਸ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਸੀ। ਪੁਲਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸ਼ਿਆ ਕਿ ਰੋਮੇਸ਼ ਦਾ ਗਲਾ ਘੁੱਟ ਕੇ ਕਤਲ ਕਰਨ ਮਗਰੋਂ ਨਸੀਮ ਨੇ ਉਸ ਦੇ ਹੱਥ-ਪੈਰ ਤਾਰ ਨਾਲ ਬੰਨ੍ਹ ਦਿੱਤੇ ਤੇ ਲਾਸ ਨੂੰ ਨਾਲੇ 'ਚ ਸੁੱਟ ਦਿੱਤਾ। ਇਸ ਤੋਂ ਬਾਅਦ ਉਹ ਆਪਣੇ 6 ਬੱਚਿਆਂ ਨਾਲ ਬਿਹਾਰ ਦੇ ਆਪਣੇ ਜੱਦੀ ਸ਼ਹਿਰ ਮੁਜੱਫਰਪੁਰ ਭੱਜ ਗਿਆ। ਉੱਥੇ ਪਹੁੰਚਣ ਤੋਂ ਕੁਝ ਦਿਨਾਂ ਬਾਅਦ ਹੀ ਉਸ ਨੇ ਤੀਜਾ ਵਿਆਹ ਕਰਵਾ ਲਿਆ। ਪੁਲਸ ਦੇ ਅਨੁਸਾਰ, ਇਹ ਘਟਨਾ ਇੱਕ




ਹਫਤੇ ਬਾਅਦ ਉਸ ਸਮੇਂ ਸਾਹਮਣੇ ਆਈ ਜਦੋਂ ਸਥਾਨਕ ਲੋਕਾਂ ਨੇ ਇਲਾਕੇ ਵਿੱਚ ਨਾਲੇ ਵਿੱਚੋਂ ਆ ਰਹੀ ਬਦਬੂ ਬਾਰੇ ਪੁਲਸ ਨੂੰ ਸੂਚਿਤ ਕੀਤਾ। ਬਾਅਦ 'ਚ ਔਰਤ ਦੀ ਸੜੀ ਹੋਈ ਲਾਸ ਨੂੰ ਬਰਾਮਦ ਕਰ ਲਿਆ ਗਿਆ ਅਤੇ ਲਾਸ ਨੂੰ ਪੋਸਟਮਾਰਟਮ ਲਈ ਲਿਜਾਇਆ ਗਿਆ। ਅਧਿਕਾਰੀ ਨੇ ਦੱਸਿਆ ਕਿ ਜਾਂਚ ਦੌਰਾਨ ਲਾਸ ਦੀ ਸਨਾਖਤ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਕਿ ਮ੍ਰਿਤਕ ਔਰਤ ਦਾ ਪਤੀ ਲਾਪਤਾ ਹੈ ਅਤੇ ਆਪਣੇ 6 ਬੱਚਿਆਂ ਸਮੇਤ ਭੱਜ ਗਿਆ ਹੈ। ਨਸੀਮ ਦੇ ਪਹਿਲੇ ਵਿਆਹ ਤੋਂ 4 ਤੇ ਖਾਤੂਨ ਨਾਲ ਦੂਜੇ ਵਿਆਹ ਤੋਂ 2 ਬੱਚੇ ਹਨ। ਉਨ੍ਹਾਂ ਕਿਹਾ ਕਿ ਤਕਨੀਕੀ ਸਬੂਤਾਂ ਅਤੇ ਮੋਬਾਈਲ ਫੋਨ 'ਲੋਕੇਸਨ' ਦੀ ਵਰਤੋਂ ਕਰਕੇ, ਜਾਂਚਕਰਤਾਵਾਂ ਨੇ ਮੁਲਜਮਾਂ ਨੂੰ ਮੁਜੱਫਰਪੁਰ ਤੱਕ ਟਰੇਸ ਕੀਤਾ। ਮੁਲਜਮ ਵਿਰੁੱਧ ਕੇਸ ਦਰਜ ਕਰ ਲਿਆ ਗਿਆ ਅਤੇ ਉਸ ਨੂੰ ਕਤਲ ਦੇ ਸਬੰਧ ਵਿੱਚ ਪਿਛਲੇ ਹਫਤੇ ਮੁਜੱਫਰਪੁਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ

# ਪਾਣੀ ਦੇ ਟੈਂਕਰ ਨਾਲ ਬੱਸ ਦੀ ਭਿਆਨਕ ਟੱਕਰ, 8 ਲੋਕਾਂ ਦੀ ਮੌਤ

ਕੰਨੌਜ 19 ਦਸੰਬਰ। ਲਖਨਊ ਤੋਂ ਦਿੱਲੀ ਜਾ ਰਹੀ ਇਕ ਬੱਸ ਸੁੱਕਰਵਾਰ ਨੂੰ ਆਗਰਾ-ਲਖਨਊ ਐਕਸਪ੍ਰੈਸ ਵੇਅ 'ਤੇ ਬੂਟਿਆਂ ਦੀ ਸਿੰਚਾਈ ਲਈ ਪਾਣੀ ਦੇ ਇਕ ਟੈਂਕਰ ਨਾਲ ਟਕਰਾਉਣ ਤੋਂ ਬਾਅਦ ਪਲਟ ਗਈ, ਜਿਸ 'ਚ 8 ਲੋਕਾਂ ਦੀ ਮੌਤ ਹੋ ਗਈ ਅਤੇ 12 ਹੋਰ ਜਖਮੀ ਹੋ ਗਏ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਇਸ ਹਾਦਸੇ 'ਚ 12 ਯਾਤਰੀ ਜਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਨੇੜਲੇ ਇਟਾਵਾ ਜਿ਼ਲੇ ਦੇ ਸੈਫਈ ਮੈਡੀਕਲ ਕਾਲਜ 'ਚ ਦਾਖਲ ਕਰਵਾਇਆ ਗਿਆ ਹੈ। ਕਨੌਜ ਦੇ ਐਸ. ਪੀ ਅਮਿਤ ਕੁਮਾਰ ਆਨੰਦ ਨੇ ਦੱਸਿਆ ਕਿ ਇਹ ਹਾਦਸਾ




ਦੁਪਹਿਰ ਕਰੀਬ 2 ਵਜੇ ਸਕਰਾਵਾ ਇਲਾਕੇ 'ਚ ਵਾਪਰਿਆ ਜਦੋਂ ਬੱਸ ਐਕਸਪ੍ਰੈਸ ਵੇਅ 'ਤੇ ਇਕ ਪਾਣੀ ਦੇ ਟੈਂਕਰ ਨਾਲ ਟਕਰਾ ਗਈ। ਪੁਲਸ ਸੁਪਰਡੈਂਟ ਨੇ ਦੱਸਿਆ ਕਿ ਇਸ ਹਾਦਸੇ 'ਚ 8 ਯਾਤਰੀਆਂ ਦੀ ਮੌਤ ਹੋ ਗਈ ਅਤੇ 12 ਹੋਰ ਜਖਮੀ ਸੈਫਈ ਮੈਡੀਕਲ ਕਾਲਜ 'ਚ ਇਲਾਜ ਅਧੀਨ ਹਨ। ਉਨ੍ਹਾਂ ਦੱਸਿਆ ਕਿ ਹੋਰ ਸਵਾਰੀਆਂ ਨੂੰ ਕਿਸੇ ਹੋਰ ਬੱਸ ਰਾਹੀਂ ਉਨ੍ਹਾਂ ਦੀ ਮੰਜਿ਼ਲ ਵੱਲ ਭੇਜ ਦਿੱਤਾ ਗਿਆ। ਹਾਦਸੇ ਦੇ ਸਮੇਂ ਉੱਥੋਂ ਲੰਘ ਰਹੇ ਜਲ ਸਕਤੀ ਰਾਜ ਮੰਤਰੀ ਸੁਤੰਤਰ ਦੇਵ ਸਿੰਘ ਨੇ ਜਖਮੀਆਂ ਨੂੰ ਬਚਾਉਣ ਅਤੇ ਹਸਪਤਾਲ ਪਹੁੰਚਾਉਣ ਵਿਚ ਮਦਦ ਲਈ ਆਪਣੇ ਕਾਫਲੇ ਨੂੰ ਰੁਕਵਾਇਆ ਸਿੰਘ ਨੇ ਦੱਸਿਆ ਕਿ ਪੁਲਸ ਅਤੇ ਪ੍ਰਸਾਸਨ ਦੇ ਸੀਨੀਅਰ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਹਨ ਅਤੇ ਜਖਮੀਆਂ ਨੂੰ ਵਧੀਆ ਡਾਕਟਰੀ ਇਲਾਜ ਮੁਹੱਈਆ ਕਰਵਾਉਣ ਦੇ ਨਿਰਦੇਸ ਦਿੱਤੇ ਗਏ ਹਨ। ਇਹ ਇਕ ਮੰਦਭਾਗੀ ਘਟਨਾ ਹੈ। ਸਾਨੂੰ ਸੜਕਾਂ 'ਤੇ ਵਧੇਰੇ ਸਾਵਧਾਨ ਰਹਿਣ ਦੀ ਲੋੜ ਹੈ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣ ਕਰਨ ਦੀ ਲੋੜ ਹੈ।

# ਇਕ ਬੀੜੀ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਹੋਈ ਲੜਾਈ, ਨੌਜਵਾਨ ਦਾ ਬੇਰਹਿਮੀ ਨਾਲ ਕਤਲ

ਰੋਹਤਕ 19 ਦਸੰਬਰ। ਹਰਿਆਣਾ 'ਚ ਅਪਰਾਧ ਦਾ ਗ੍ਰਾਫ ਵਧਦਾ ਜਾ ਰਿਹਾ ਹੈ, ਉਥੇ ਹੀ ਰੋਹਤਕ ਜਿ਼ਲ੍ਹੇ 'ਚ ਬੀੜੀ ਨੂੰ ਲੈ ਕੇ ਦੋ ਧਿਰਾਂ 'ਚ ਲੜਾਈ ਹੋ ਗਈ, ਜਿਸ 'ਚ ਇਕ ਨੌਜਵਾਨ ਦਾ ਕੁੱਟ-ਕੁੱਟ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਨੌਜਵਾਨ ਰਾਜੇਸ ਸਾਹਨੀ ਬਿਹਾਰ ਦਾ ਰਹਿਣ ਵਾਲਾ ਸੀ, ਜਿਸ ਦਾ ਤਿੰਨ ਭਰਾਵਾਂ ਸਮੇਤ 6 ਨੌਜਵਾਨਾਂ ਨੇ ਕਤਲ ਕਰ ਦਿੱਤਾ ਸੀ। ਮੁਲਜਮਾਂ ਨੇ ਨੌਜਵਾਨ ਨਾਲ ਗਾਲੀ-ਗਲੋਚ ਅਤੇ ਕੁੱਟਮਾਰ ਕੀਤੀ ਅਤੇ ਉਸ ਨੂੰ ਅੱਧ ਮਰਿਆ ਛੱਡ ਕੇ ਮੌਕੇ ਤੋਂ ਫਰਾਰ ਹੋ ਗਏ। ਰਾਹਗੀਰਾਂ ਨੇ ਉਸ ਨੂੰ 'ਚ ਦਾਖਲ ਕਰਵਾਇਆ, ਜਿੱਥੇ ਨੌਜਵਾਨ ਦੀ ਮੌਤ ਹੋ ਗਈ। ਸੂਚਨਾ ਮਿਲਣ ਬਾਅਦ ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ ਨੂੰ ਕਬਜੇ 'ਚ ਲੈ ਕੇ ਜਾਂਚ ਸੁਰੂ ਕਰ ਦਿੱਤੀ ਹੈ। ਪੁਲਸ ਮਾਮਲੇ 'ਚ ਦੋਸੀ ਦੀ ਭਾਲ ਕਰ ਰਹੀ ਹੈ। ਪੁਲਸ ਨੂੰ ਦਿੱਤੀ ਸਿ਼ਕਾਇਤ 'ਚ ਮ੍ਰਿਤਕ ਦੇ ਭਰਾ ਨੇ ਦੱਸਿਆ ਕਿ ਉਸ ਦਾ ਛੋਟਾ ਭਰਾ ਰਾਜੇਸ ਕੱਚਾ ਬੇਰੀ ਰੋਡ 'ਤੇ ਦੁਕਾਨ ਤੋਂ ਬੀੜੀ ਖਰੀਦਣ ਗਿਆ ਸੀ। ਬੀੜੀ ਦੀ ਦੁਕਾਨ ਨੇੜੇ ਕੰਮ ਕਰਨ ਵਾਲੇ ਚੰਦਨ ਨਾਲ ਬੀੜੀ ਨੂੰ ਲੈ ਕੇ ਝਗੜਾ ਹੋ ਗਿਆ। ਮੁਲਜਮ ਨੇ ਉਸ ਦੇ ਭਰਾ ਤੋਂ ਬੀੜੀ ਮੰਗੀ ਅਤੇ ਜਦੋਂ ਉਸ ਨੇ ਬੀੜੀਆਂ ਨਾ ਦਿੱਤੀਆਂ ਤਾਂ ਉਹ ਲੜਾਈ-ਝਗੜਾ ਕਰਨ ਲੱਗਾ। ਉਸ ਨੇ ਵੀ ਰਾਜੇਸ ਨੂੰ ਗਾਲ੍ਹਾਂ ਕੱਢਣੀਆਂ ਸੁਰੂ ਕਰ ਦਿੱਤੀਆਂ ਅਤੇ ਲੜਾਈ ਵੀ ਸੁਰੂ ਕਰ ਦਿੱਤੀ। ਦੋਸੀ ਚੰਦਨ ਨੇ ਆਪਣੇ ਦੋ ਭਰਾਵਾਂ ਸਾਜਨ ਅਤੇ ਰਾਜਨ ਤੋਂ ਇਲਾਵਾ ਹੋਰ ਵੀ ਕਈ ਲੋਕਾਂ ਨੂੰ ਮੌਕੇ 'ਤੇ ਬੁਲਾਇਆ। ਮੁਲਜਮਾਂ ਨੇ ਉਸ ਦੇ ਭਰਾ ਰਾਜੇਸ ਦੇ ਸਿਰ, ਕੰਨ, ਮੂੰਹ ਅਤੇ ਹੋਰ ਸਰੀਰ 'ਤੇ ਵਾਰ ਕੀਤੇ। ਦੋਸੀ ਰਾਜੇਸ ਨੂੰ ਅੱਧ ਮਰਿਆ ਛੱਡ ਕੇ ਮੌਕੇ ਤੋਂ ਫਰਾਰ ਹੋ ਗਿਆ। ਜਖਮੀ ਰਾਜੇਸ ਨੂੰ ਇਲਾਜ ਲਈ 'ਚ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਰਾਜੇਸ ਦੀ ਮੌਤ ਹੋ ਗਈ।

# ਬਰਾਤ ਤੋਂ ਪਹਿਲਾਂ ਲਾੜੀ ਘਰ ਪਹੁੰਚ ਗਈ 'ਭਾਬੀ', ਕਹਿੰਦੀ 'ਉਹ ਮੇਰਾ, ਮੈਂ ਨਹੀਂ ਹੋਣ ਦਿੰਦੀ ਤੇਰਾ'

ਉੱਤਰ ਪ੍ਰਦੇਸ 19 ਦਸੰਬਰ। ਉੱਤਰ ਪ੍ਰਦੇਸ ਦੇ ਮਹਾਰਾਜਗੰਜ ਜਿ਼ਲ੍ਹੇ ਤੋਂ ਇੱਕ ਹੈਰਾਨੀ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਿੱਥੇ ਇੱਕ ਲਾੜੇ ਦੀ ਭਰਜਾਈ ਨੇ ਵਿਆਹ ਦੀ ਬਰਾਤ ਆਉਣ ਤੋਂ ਪਹਿਲਾਂ ਹੀ ਲਾੜੀ ਦੇ ਘਰ ਪੁਲਸ ਲੈ ਕੇ ਪਹੁੰਚ ਗਈ ਅਤੇ ਵਿਆਹ ਰੁੱਕਵਾ ਦਿੱਤਾ। ਜਿਸ ਕਾਰਨ ਸਾਰੇ ਪਰਿਵਾਰ ਵਾਲੇ ਹੈਰਾਨ ਹੋ ਗਏ। ਇਹ ਘਟਨਾ ਜਿ਼ਲ੍ਹੇ ਦੇ ਨੌਤਨਵਾ ਕਸਬੇ ਦੀ ਹੈ, ਜਿੱਥੇ ਲਾੜੇ ਦੀ ਭਰਜਾਈ ਲਾੜੀ ਦੇ ਘਰ ਪਹੁੰਚੀ ਅਤੇ ਉਹਨਾਂ ਨੂੰ ਕਹਿਣ ਲੱਗੀ, "ਉਹ ਮੇਰਾ ਹੈ, ਮੈਂ ਉਸਨੂੰ ਕਿਸੇ ਹੋਰ ਦਾ ਨਹੀਂ ਹੋਣ ਦਿਆਂਗੀ।" ਇਸ ਅਣਕਿਆਸੀ ਘਟਨਾ ਨਾਲ ਲਾੜੀ ਦੇ ਪਰਿਵਾਰ ਵਾਲੇ ਸਦਮੇ ਵਿੱਚ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਗੋਰਖਪੁਰ ਦੇ ਸਾਹਪੁਰ ਤੋਂ ਬਾਰਾਤ 4 ਦਸੰਬਰ ਨੂੰ ਮਹਾਰਾਜਗੰਜ ਦੇ ਨੌਤਨਵਾ ਇਲਾਕੇ 'ਚ ਆਉਣ ਵਾਲੀ ਸੀ। ਵਿਆਹ ਨੂੰ ਲੈ ਕੇ ਦੋਵਾਂ ਪਰਿਵਾਰਾਂ ਨੇ ਤਿਆਰੀਆਂ ਪੂਰੀਆਂ ਕੀਤੀਆਂ ਹੋਈਆਂ ਸਨ ਪਰ ਬਾਰਾਤ ਪਹੁੰਚਣ ਤੋਂ ਪਹਿਲਾਂ ਹੀ ਲਾੜੇ ਦੀ ਭਰਜਾਈ ਆਪਣੇ ਨਾਲ ਪੁਲਸ ਲੈ ਕੇ ਲਾੜੀ ਦੇ ਘਰ ਪਹੁੰਚ ਗਈ,



ਜਿਸ ਵਲੋਂ ਵਿਆਹ ਦਾ ਵਿਰੋਧ ਕੀਤਾ ਗਿਆ। ਲਾੜੇ ਦੀ ਭਰਜਾਈ ਨੇ ਲਾੜੀ ਨੂੰ ਕਿਹਾ, "ਉਹ ਮੇਰਾ ਪਤੀ ਹੈ, ਮੈਂ ਉਸਨੂੰ ਕਿਸੇ ਹੋਰ ਨਾਲ ਵਿਆਹ ਨਹੀਂ ਕਰਨ ਦਿਆਂਗੀ। ਜੇਕਰ ਤੂੰ ਉਸ ਨਾਲ ਵਿਆਹ ਕੀਤਾ ਤਾਂ ਇਸ ਦੇ ਨਤੀਜੇ ਚੰਗੇ ਨਹੀਂ ਹੋਣਗੇ।" ਲਾੜੇ ਦੀ ਭਰਜਾਈ ਦੀ ਇਹ ਸੁਣ ਕੇ ਲਾੜੀ ਦੇ ਪਰਿਵਾਰ 'ਚ ਦਹਿਸਤ ਦਾ ਮਾਹੌਲ ਬਣ ਗਿਆ। ਇਸ ਤੋਂ ਬਾਅਦ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾੜੇ ਦੀ ਭਰਜਾਈ ਦੀ ਸਿ਼ਕਾਇਤ ਦੇ ਆਧਾਰ 'ਤੇ ਵਿਆਹ ਨੂੰ ਰੋਕ ਦਿੱਤਾ। ਇਸ ਮਾਮਲੇ ਦੇ ਸਬੰਧ ਵਿਚ ਪੁਲਸ ਨੇ ਕਿਹਾ ਕਿ ਲਾੜੇ ਦਾ ਪਹਿਲਾਂ ਤੋਂ ਵਿਆਹ ਹੋ ਚੁੱਕਾ ਹੈ, ਉਸਦੇ ਖਿ਼ਲਾਫ ਗੋਰਖਪੁਰ ਦੇ ਸਾਹਪੁਰ 'ਚ ਡੀਪੀ ਐਕਟ ਦੇ ਤਹਿਤ ਮਾਮਲਾ ਚੱਲ ਰਿਹਾ ਸੀ। ਇਸ ਕਾਰਨ ਗੋਰਖਪੁਰ ਪੁਲਸ ਨੇ ਵਿਆਹ ਨੂੰ ਰੋਕਣ ਲਈ ਇਹ ਕਦਮ ਚੁੱਕਿਆ। ਦੂਜੇ ਪਾਸੇ ਇਸ ਮਾਮਲੇ ਦੇ ਸਬੰਧ ਵਿਚ ਨੌਟੰਵਾ ਥਾਣਾ ਇੰਚਾਰਜ ਧਰਮਿੰਦਰ ਸਿੰਘ ਨੇ ਦੱਸਿਆ ਕਿ ਸਾਹਪੁਰ ਪੁਲਸ ਨੇ ਇਸ ਮਾਮਲੇ 'ਚ ਦਸਤਾਵੇਜ ਦਿਖਾਏ, ਜਿਸ 'ਚ ਲਾੜੇ ਦੀ ਵਿਆਹੁਤਾ ਸਥਿਤੀ ਅਤੇ ਮਾਮਲੇ ਦੇ ਵੇਰਵੇ ਸਨ।


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

## ਜ਼ਿੰਕ ਅਤੇ ਰੇਸ਼ੇ ਵੀ ਹੱਡੀਆਂ ਦੀ ਮਜ਼ਬੂਤੀ 'ਚ ਸਹਾਇਕ

ਬਹੁਤ ਲੋਕ ਇਹੀ ਸੋਚਦੇ ਹਨ ਕਿ ਹੱਡੀਆਂ ਦਾ ਕਮਜ਼ੋਰ ਹੋਣਾ ਕੈਲਸ਼ੀਅਮ ਦੀ ਘਾਟ ਕਰਕੇ ਹੁੰਦਾ ਹੈ ਅਤੇ ਇਸ ਲਈ ਉਹ ਕੈਲਸ਼ੀਅਮ ਦੇ ਚੰਗੇ ਸਰੋਤਾਂ ਦੁੱਧ, ਪਨੀਰ ਅਤੇ ਖਮੀਰ ਆਦਿ ਦਾ ਸੇਵਨ ਕਰਦੇ ਹਨ ਪਰ ਨਵੀਆਂ ਖੋਜਾਂ ਤੋਂ ਪਤਾ ਲਗਾ ਹੈ ਕਿ ਕਈ ਹੋਰ ਤੱਤ ਵੀ ਹੱਡੀਆਂ ਨੂੰ ਮਜ਼ਬੂਤ ਬਣਾਉਣ 'ਚ ਮਹਤਵਪੂਰਨ ਭੂਮਿਕਾ ਨਿਭਾਉਂਦੇ ਹਨ। ਖੋਜਕਾਰਾਂ ਦੁਆਰਾ ਕੀਤੀ ਗਈ ਇਕ ਖੋਜ ਵਿਚ ਕੁਝ ਔਰਤਾਂ ਨੂੰ ਅਜਿਹਾ ਭੋਜਨ ਦਿੱਤਾ ਗਿਆ, ਜਿਸ ਵਿਚ ਜ਼ਿੰਕ, ਮੈਗਨੀਸ਼ੀਅਮ, ਪੋਟਾਸ਼ੀਅਮ, ਰੇਸ਼ਾ ਅਤੇ ਵਿਟਾਮਿਨ ਸੀ ਦੀ ਮਾਤਰਾ ਸੀ ਅਤੇ ਦੇਖਿਆ ਗਿਆ ਕਿ ਉਨ੍ਹਾਂ ਦੀਆਂ ਹੱਡੀਆਂ ਦਾ ਸੰਘਣਾਪਣ ਅਜਿਹੇ ਤੱਤ ਨਾ ਲੈਣ ਵਾਲੀਆਂ ਔਰਤਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਸੀ। ਜੇ ਤੁਸੀਂ ਵੀ ਚਾਹੁੰਦੇ ਹੋ ਕਿ ਤੁਹਾਡੀਆਂ ਹੱਡੀਆਂ ਤੰਦਰੁਸਤ ਰਹਿਣ ਤਾਂ ਫਲ, ਹਰੀਆਂ ਸਬਜ਼ੀਆਂ, ਆਲੂ, ਮਟਰ, ਕੇਲਾ ਅਤੇ ਸਾਬਤ ਅਨਾਜ ਖਾਓ।

## ਛਾਤੀ ਦੇ ਕੈਂਸਰ ਤੋਂ ਬਚਾਉਂਦੀ ਹੈ ਕਸਰਤ

ਕੈਲੀਫੋਰਨੀਆ : ਯੂਨੀਵਰਸਿਟੀ ਦੇ ਚਕਿੱਤਸਾ ਵਿਗਿਆਨੀਆਂ ਦਾ ਕਹਿਣਾ ਹੈ ਕਿ ਔਰਤਾਂ ਕਸਰਤ ਦੇ ਜ਼ਰੀਏ ਸਤਨ ਦੇ ਕੈਂਸਰ ਤੋਂ ਬਚ ਸਕਦੀਆਂ ਹਨ। ਉਨ੍ਹਾਂ ਦੇ ਟੈਸਟਾਂ ਅਨੁਸਾਰ ਜੋ ਔਰਤਾਂ ਆਪਣੇ ਪ੍ਰਸੂਤ ਕਾਲ ਵਿਚ ਹਰ ਹਫਤੇ ਚਾਰ ਜਾਂ ਇਸ ਤੋਂ ਵੱਧ ਘੰਟੇ ਕਸਰਤ ਕਰਦੀਆਂ ਹਨ, ਉਨ੍ਹਾਂ ਵਿਚ ਸਤਨ ਕੈਂਸਰ ਦੀ ਸੰਭਵਾਨਾ ਅੱਠ ਫੀਸਦੀ ਘੱਟ ਹੋ ਜਾਂਦੀ ਹੈ। ਵਿਗਿਆਨੀਆਂ ਦੇ ਅਨੁਸਾਰ ਝੁਕ ਕੇ ਝਾੜੂ ਲਗਾਉਣ ਵਾਲੀਆਂ ਔਰਤਾਂ ਸਿਲਵੱਟੇ ਤੇ ਮਸਾਲਾ ਪੀਹਣ ਵਾਲੀਆਂ ਔਰਤਾਂ ਵਿਚ ਸਤਨ ਕੈਂਸਰ ਦਾ ਪ੍ਰਭਾਵ ਘੱਟ ਦੇਖਿਆ ਜਾਂਦਾ ਹੈ।



# ਡ੍ਰਿੰਕ ਐਂਡ ਡਾਈਨ ਨਾਲ-ਨਾਲ ? ਨਾ ਬਾਬਾ ਨਾ..

**ਕੋਈ ਵੀ ਕੈਫੀਨੇਟਿਡ ਡ੍ਰਿੰਕ ਜਿਨ੍ਹਾਂ ਵਿਚ ਫਿਜ਼ੀ ਡ੍ਰਿੰਕ ਵੀ ਸ਼ਾਮਲ ਹਨ, ਸਾਡੇ ਸਰੀਰ ਵੱਲੋਂ ਆਇਰਨ ਨੂੰ ਸੋਖਣਾ ਔਖਾ ਬਣਾ ਦਿੰਦਾ ਹੈ। ਚਾਹ ਅਤੇ ਕੌਫੀ ਆਇਰਨ ਦਾ ਸੋਖਣਾ 50 ਫੀਸਦੀ ਤੱਕ ਘਟਾ ਦਿੰਦੇ ਹਨ। ਕੈਫੀਨੇਟਿਡ ਡ੍ਰਿੰਕ ਸਰੀਰ ਵੱਲੋਂ ਕੈਲਸ਼ੀਅਮ ਅਤੇ ਜ਼ਿੰਕ ਨੂੰ ਸੋਖਣ ਨੂੰ ਪ੍ਰਭਾਵਿਤ ਕਰਦੇ ਹਨ। ਕੈਲਸ਼ੀਅਮ ਦੀ ਲੋੜ ਤੰਦਰੁਸਤ ਦੰਦਾਂ ਅਤੇ ਹੱਡੀਆਂ, ਖੂਨ ਦੀਆਂ ਗਿਲਟੀਆਂ ਅਤੇ ਮਾਸਪੇਸ਼ੀਆਂ ਦੀ ਮਜ਼ਬੂਤੀ ਲਈ ਹੁੰਦੀ ਹੈ।**



ਖਾਣ ਦੇ ਨਾਲ-ਨਾਲ ਤੁਹਾਡੇ ਵੱਲੋਂ ਕੋਈ ਡ੍ਰਿੰਕ ਪੀਣ ਨਾਲ ਫਾਇਦੇ ਦੀ ਥਾਂ 'ਤੇ ਨੁਕਸਾਨ ਜ਼ਿਆਦਾ ਹੋ ਸਕਦਾ ਹੈ। ਤੁਹਾਡੇ ਰੁਟੀਨ ਦੇ ਡ੍ਰਿੰਕ ਜਿਵੇਂ ਕਿ ਚਾਹ, ਕੌਫੀ ਅਤੇ ਦੁੱਧ ਤੁਹਾਡੇ ਸਰੀਰ ਵੱਲੋਂ ਆਇਰਨ ਨੂੰ ਸੋਖਣ ਦੀ ਪ੍ਰਕਿਰਿਆ ਵਿਚ ਦਖਲਅੰਦਾਜ਼ੀ ਕਰਦੇ ਹਨ। ਆਇਰਨ ਭਾਵ ਲੋਹਾ ਔਰਤਾਂ ਲਈ ਬੇਹੱਦ ਅਹਿਮ ਹੈ ਕਿਉਂਕਿ ਮਾਹਵਾਰੀ ਕਾਰਨ ਉਹ ਮਰਦਾਂ ਦੇ ਮੁਕਾਬਲੇ ਘੱਟੋ-ਘੱਟ 50 ਫੀਸਦੀ ਜ਼ਿਆਦਾ ਆਇਰਨ ਗੁਆਉਂਦੀਆਂ ਹਨ ਜਿਸ ਦੇ ਨਤੀਜੇ ਵਜੋਂ ਐਨੀਮੀਆ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ ਇਸ ਦੇ ਲੱਛਣਾਂ ਵਿਚ ਥਕਾਵਟ, ਸਾਹ ਲੈਣ, ਪ੍ਰੇਸ਼ਾਨੀ, ਪੀਲਾਪਣ ਜਾਂ ਇਨਫੈਕਸ਼ਨਾਂ ਅਤੇ ਰੋਗਾਣੂਆਂ ਪ੍ਰਤੀ ਜ਼ਿਆਦਾ ਸੰਵੇਦਨਸ਼ੀਲ ਹੋਣਾ ਆਦਿ ਸ਼ਾਮਲ ਹਨ। ਇਸ ਦੇ ਸ਼ਿਕਾਰ ਆਮ ਤੌਰ 'ਤੇ ਥਕਾਵਟ ਮਹਿਸੂਸ ਕਰਦੇ ਹਨ ਕਿਉਂਕਿ ਉਨ੍ਹਾਂ ਦੇ ਮੁੱਖ ਅੰਗਾਂ ਤੱਕ ਆਕਸੀਜਨ ਘੱਟ ਪਹੁੰਚਦੀ ਹੈ।

**ਚਾਹ ਅਤੇ ਕੌਫੀ**

ਕੋਈ ਵੀ ਕੈਫੀਨੇਟਿਡ ਡ੍ਰਿੰਕ ਜਿਨ੍ਹਾਂ ਵਿਚ ਫਿਜ਼ੀ ਡ੍ਰਿੰਕ ਵੀ ਸ਼ਾਮਲ ਹਨ, ਸਾਡੇ ਸਰੀਰ ਵੱਲੋਂ ਆਇਰਨ ਨੂੰ ਸੋਖਣਾ ਔਖਾ ਬਣਾ ਦਿੰਦਾ ਹੈ। ਚਾਹ ਅਤੇ ਕੌਫੀ ਆਇਰਨ ਦਾ ਸੋਖਣਾ 50 ਫੀਸਦੀ ਤੱਕ ਘਟਾ ਦਿੰਦੇ ਹਨ। ਕੈਫੀਨੇਟਿਡ ਡ੍ਰਿੰਕ ਸਰੀਰ ਵੱਲੋਂ ਕੈਲਸ਼ੀਅਮ ਅਤੇ ਜ਼ਿੰਕ ਨੂੰ ਸੋਖਣ ਨੂੰ ਪ੍ਰਭਾਵਿਤ ਕਰਦੇ ਹਨ। ਕੈਲਸ਼ੀਅਮ ਦੀ ਲੋੜ ਤੰਦਰੁਸਤ ਦੰਦਾਂ ਅਤੇ ਹੱਡੀਆਂ, ਖੂਨ ਦੀਆਂ ਗਿਲਟੀਆਂ ਅਤੇ ਮਾਸਪੇਸ਼ੀਆਂ ਦੀ ਮਜ਼ਬੂਤੀ ਲਈ ਹੁੰਦੀ ਹੈ। ਇਸ ਦੀ ਕਮੀ ਨਰਮ ਅਤੇ ਭੁਰਭੁਰੀਆਂ ਹੱਡੀਆਂ, ਆਸਟਿਓਪੋਰੋਸਿਸ, ਫ੍ਰੈਕਚਰਾਂ, ਪਿੱਠ ਦਰਦ ਆਦਿ ਕਮਜ਼ੋਰੀ ਵਜੋਂ ਸਾਹਮਣੇ ਆਉਂਦੀ ਹੈ। ਕੈਲਸ਼ੀਅਮ ਡੇਅਰੀ ਉਤਪਾਦਾਂ, ਦੁੱਧ, ਦਹੀਂ, ਸਾਲਮਨ ਅਤੇ ਸਾਰਡੀਨਸ ਵਰਗੇ ਭੋਜਨਾਂ ਵਿਚ ਪਾਇਆ ਜਾਂਦਾ ਹੈ।

**ਕਦੋਂ ਪੀਣੀ ਚਾਹੀਦੀ ਹੈ**



ਸਭ ਤੋਂ ਚੰਗੀ ਗੱਲ ਤਾਂ ਇਹੀ ਹੋਵੇਗੀ ਕਿ ਚਾਹ ਜਾਂ ਕੌਫੀ ਸੰਜਮ ਨਾਲ ਹੀ ਪੀਓ ਪਰ ਜੇ ਤੁਸੀਂ ਪੀਣੀ ਹੀ ਹੈ ਤਾਂ ਖਾਣੇ ਤੋਂ ਘੱਟੋ-ਘੱਟ ਇਕ ਘੰਟਾ ਪਹਿਲਾਂ ਅਤੇ ਇਕ ਘੰਟੇ ਬਾਅਦ ਪੀਓ ਤਾਂ ਕਿ ਇਹ ਆਇਰਨ, ਕੈਲਸ਼ੀਅਮ ਅਤੇ ਜ਼ਿੰਕ ਵਰਗੇ ਖਣਿਜਾਂ ਦੇ ਪੈਦਾ ਹੋਣ ਵਿਚ ਰੁਕਾਵਟ ਨਾ ਪਾ ਸਕੇ।

**ਦੁੱਧ** : ਦੁੱਧ ਵਿਚ ਪਹਿਲਾਂ ਹੀ ਕੁਝ ਆਇਰਨ ਹੁੰਦਾ ਹੈ ਪਰ ਬਹੁਤਾ ਨਹੀਂ। ਮੁੱਖ ਰੂਪ ਵਿਚ ਦੁੱਧ ਅਤੇ ਹੋਰ ਡੇਅਰੀ ਉਤਪਾਦਾਂ ਵਿਚ ਕੈਲਸ਼ੀਅਮ ਅਤੇ ਫਾਸਫੋਟ ਹੁੰਦੇ ਹਨ ਜੋ ਆਇਰਨ ਸੋਖਣ ਨੂੰ ਘੱਟ ਕਰਦੇ ਹਨ ਅਤੇ ਇਹੀ ਕਾਰਨ ਹੈ ਕਿ ਖਾਣੇ ਦੇ ਨਾਲ ਦੁੱਧ ਪੀਣ ਤੋਂ ਪਰਹੇਜ਼ ਕਰੋ। ਬਿਹਤਰ ਹੋਵੇਗਾ ਕਿ ਖਾਣੇ ਦੇ ਨਾਲ ਦੁੱਧ ਵਾਲੀ ਚਾਹ ਜਾਂ ਕੌਫੀ ਵੀ ਨਾ ਪੀਓ ਕਿਉਂਕਿ ਦੁੱਧ ਅਤੇ ਕੈਫੀਨੇਟਿਡ ਡ੍ਰਿੰਕ ਦੋਵੇਂ ਹੀ ਸਰੀਰ ਵਿਚਲੇ ਆਇਰਨ ਦੀ ਮਾਤਰਾ ਨੂੰ ਘਟਾਉਂਦੇ ਹਨ। ਇਸ ਲਈ ਖਾਣ ਵੇਲੇ ਇਨ੍ਹਾਂ ਦੋਵਾਂ ਨੂੰ ਨਾ ਮਿਲਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

**ਇਸ ਨੂੰ ਕਦੋਂ ਪੀਣਾ ਚਾਹੀਦੈ**

ਜਿਥੋਂ ਤੱਕ ਕੈਫੀਨੇਟਿਡ ਡ੍ਰਿੰਕਸ ਦੇ ਨਾਲ ਪੀਣ ਦਾ ਮਾਮਲਾ ਹੈ, ਇਸ ਨੂੰ ਅਜਿਹੇ ਭੋਜਨ ਤੋਂ ਘੱਟੋ ਘੱਟ ਇਕ ਘੰਟਾ ਪਹਿਲਾਂ ਜਾਂ ਬਾਅਦ ਵਿਚ ਪੀਓ, ਜਿਨ੍ਹਾਂ ਵਿਚ ਆਇਰਨ ਹੁੰਦਾ ਹੈ। ਜੇਕਰ ਖਾਣੇ ਵਿਚ ਕੈਲਸ਼ੀਅਮ ਹੈ ਪਰ ਆਇਰਨ ਨਹੀਂ ਤਾਂ ਇਸ ਨੂੰ ਭੋਜਨ ਦੇ ਨਾਲ ਪੀਣਾ ਠੀਕ ਰਹੇਗਾ ਕਿਉਂਕਿ ਇਹ ਕੈਲਸ਼ੀਅਮ ਵਧਾਉਂਦਾ ਹੈ।

ਓਰੇਂਜ ਜੂਸ : ਖਾਣੇ ਸਮੇਂ ਕੋਈ ਵੀ ਵਿਟਾਮਿਨ ਸੀ ਯੁਕਤ ਡ੍ਰਿੰਕ ਪੀਣਾ ਆਇਰਨ ਸੋਖਣ ਵਿਚ ਲਾਭਕਾਰੀ ਹੋਵੇਗਾ। ਵਿਟਾਮਿਨ ਸੀ ਮੌਜੂਦ ਐਸਕਾਰਬਿਕ ਐਸਿਡ ਆਇਰਨ ਸੋਖਣ ਦੀ ਸਮਰੱਥਾ ਨੂੰ ਵਧਾਉਂਦਾ ਹੈ।

ਇਹ ਅਹਿਮ ਹੋਵੇਗਾ ਕਿ ਆਇਰਨ ਅਤੇ ਵਿਟਾਮਿਨ ਸੀ ਨੂੰ ਇਕੱਠੇ ਕਰ ਲਿਆ ਜਾਵੇ ਇਸ ਲਈ ਜਦੋਂ ਤੁਸੀਂ ਲੋਹੇ ਦੀ ਵਧੇਰੇ ਮਾਤਰਾ ਖਪਤ ਕਰਦੇ ਹੋ ਤਾਂ ਖਾਣੇ ਨਾਲ ਸੰਤਰੇ ਦਾ ਜੂਸ ਪੀਓ। ਵਿਟਾਮਿਨ ਸੀ ਇਕ ਐਂਟੀ ਆਕਸੀਡੈਂਟ ਹੈ ਅਤੇ ਪ੍ਰਤੀਰੱਖਿਆ ਪ੍ਰਣਾਲੀ ਨੂੰ ਤੰਦਰੁਸਤ ਰੱਖਣ ਲਈ ਬੇਹੱਦ ਜ਼ਰੂਰੀ ਹੁੰਦਾ ਹੈ।

ਡ੍ਰਿੰਕਸ ਦੇ ਨਾਲ-ਨਾਲ ਆਪਣੇ ਖਾਣੇ ਵਿਚ ਅਜਿਹੇ ਖਣਿਜ ਪਦਾਰਥ ਵੀ ਸ਼ਾਮਲ ਕਰ ਸਕਦੇ ਹੋ ਜਿਨ੍ਹਾਂ ਵਿਚ ਵਿਟਾਮਿਨ ਸੀ ਕਾਫੀ ਮਾਤਰਾ ਵਿਚ ਹੋਵੇ। ਭੋਜਨ ਵਿਚ ਤਾਜ਼ਾ ਹਰਾ ਸਲਾਦ ਸ਼ਾਮਲ ਕਰੋ ਕਿਉਂਕਿ ਹਰੀਆਂ ਪੱਤੇਦਾਰ ਸਬਜ਼ੀਆਂ ਵਿਚ ਆਇਰਨ ਬਹੁਤ ਮਾਤਰਾ ਵਿਚ ਹੁੰਦਾ ਹੈ ਪਰ ਇਨ੍ਹਾਂ ਵਿਚ ਵੀ ਸਭ ਤੋਂ ਚੰਗੀ ਹੁੰਦੀ ਹੈ ਫੁੱਲਗੋਭੀ ਕਿਉਂਕਿ ਇਹ ਆਇਰਨ ਸੋਖਣ ਦੀ ਸਮਰੱਥਾ ਨੂੰ ਤਿੰਨ ਗੁਣਾ ਤੱਕ ਵਧਾ ਦਿੰਦੀ ਹੈ।

ਕਦੋਂ ਪੀਣਾ ਚਾਹੀਦੈ, ਜਦੋਂ ਵੀ ਖਾਣਾ ਖਾਓ।

ਅਲਕੋਹਲ : ਇਸ ਦੇ ਪਿੱਛੇ ਇਕ ਬਹੁਤ ਵਧੀਆ ਕਾਰਨ ਹੈ ਕਿ ਫ੍ਰਾਂਸੀਸੀ ਆਪਣੇ ਭੋਜਨ ਦੇ ਨਾਲ ਵਾਈਨ ਕਿਉਂ ਪੀਂਦੇ ਹਨ। ਇਹ ਆਇਰਨ ਸੋਖਣ ਵਿਚ ਮਦਦ ਕਰਦੀ ਹੈ ਅਤੇ ਖੁਦ ਇਸ ਵਿਚ ਵੀ ਆਇਰਨ ਹੁੰਦਾ ਹੈ। ਆਖਿਰ ਵਾਈਨ ਪੀਣ ਦਾ ਚੰਗਾ ਬਹਾਨਾ ਹੈ।

ਆਮ ਤੌਰ 'ਤੇ ਗੱਲ ਕਰੀਏ ਤਾਂ ਵਧੀਆ ਇਹੀ ਹੋਵੇਗਾ ਕਿ ਖਾਣੇ ਦੇ ਨਾਲ ਅਲਕੋਹਲ ਨਾ ਲਓ। ਇਸ ਵਿਚ ਕੋਈ ਵਿਟਾਮਿਨ ਜਾਂ ਖਣਿਜ ਨਹੀਂ ਹੁੰਦੇ ਅਤੇ ਇਕ ਲੰਬੇ ਸਮੇਂ ਪਿੱਛੋਂ ਇਹ ਸਰੀਰ ਵਿਚੋਂ ਵਿਟਾਮਿਨ ਘਟਾਉਣ ਲੱਗਦੀ ਹੈ ਖਾਸ ਕਰ ਵਿਟਾਮਿਨ ਬੀ ਨੂੰ। ਅਲਕੋਹਲ ਵਿਟਾਮਿਨ 'ਬੀ-6' ਨੂੰ ਇਸ ਦੇ ਸੁਰੱਖਿਆਤਮਕ ਪ੍ਰੋਟੀਨ ਨਾਲੋਂ ਵੱਖ ਕਰ ਦਿੰਦੀ ਹੈ ਜਿਸ ਕਾਰਨ ਇਹ ਨਸ਼ਟ ਹੋ ਜਾਂਦਾ ਹੈ। ਸਿੱਧੇ ਤੌਰ 'ਤੇ ਇਹ ਵਿਟਾਮਿਨ ਬੀ 12 ਦੇ ਅੰਤੜੀ ਤੋਂ ਖੂਨ ਵਿਚ ਸੋਖਣ ਨੂੰ ਰੋਕਦਾ ਹੈ।

# ਕਸਰਤ ਤੋਂ ਪਹਿਲਾਂ ਕੁਝ ਸਾਵਧਾਨੀਆਂ

ਕਸਰਤ ਕਰਨਾ ਕਿਸੇ ਵੀ ਉਮਰ ਵਿਚ ਲਾਭਦਾਇਕ ਹੁੰਦਾ ਹੈ। ਕਸਰਤ ਲਈ ਕੋਈ ਉਮਰ ਨਿਸ਼ਚਿਤ ਨਹੀਂ ਹੁੰਦੀ। ਕਸਰਤ ਸਰੀਰ ਨੂੰ ਚੁਸਤੀ ਦਿੰਦੀ ਹੈ। ਇਹ ਸਰੀਰ ਦੀ ਸਮਰੱਥਾ ਨੂੰ ਵਧਾਉਂਦੀ ਹੈ ਅਤੇ ਫਾਲਤੂ ਚਰਬੀ 'ਤੇ ਕਾਬੂ ਪਾਉਂਦੀ ਹੈ। ਕਸਰਤ ਪਤਲੇ ਲੋਕਾਂ ਨੂੰ ਚੁਸਤੀ ਪ੍ਰਦਾਨ ਕਰਦੀ ਹੈ ਅਤੇ ਮੋਟੇ ਲੋਕਾਂ ਨੂੰ 'ਫਿੱਗਰ' ਠੀਕ ਕਰਨ ਵਿਚ ਮਦਦ ਕਰਦੀ ਹੈ ਤੇ ਚੁਸਤ ਰੱਖਦੀ ਹੈ। ਜੇਕਰ ਪਹਿਲੀ ਵਾਰ ਕਸਰਤ ਸ਼ੁਰੂ ਕਰਨ ਜਾ ਰਹੇ ਹੋ ਤਾਂ ਡਾਕਟਰ ਤੋਂ ਸਰੀਰਕ ਜਾਂਚ ਕਰਵਾ ਲਓ ਅਤੇ ਸ਼ੁਰੂ ਵਿਚ ਕਿਸੇ ਮਾਹਿਰ ਦੀ ਹਾਜ਼ਰੀ ਵਿਚ ਕਸਰਤ ਕਰੋ। ਗਲਤ ਤਰੀਕੇ ਨਾਲ ਕੀਤੀ ਗਈ ਕਸਰਤ ਸਰੀਰ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਯੋਗਾ ਵੀ ਕਿਸੇ ਮਾਹਿਰ ਦੀ ਹਾਜ਼ਰੀ ਵਿਚ ਹੀ ਕਰੋ। ਹੁਣ ਤੁਸੀਂ ਅਤੇ ਤੁਹਾਡੇ ਅਧਿਆਪਕ ਨੂੰ ਸੰਤੁਸ਼ਟੀ ਹੋ ਜਾਵੇ ਕਿ ਤੁਸੀਂ ਸਹੀ ਕਸਰਤ ਕਰ ਰਹੇ ਹੋ। ਉਸ ਤੋਂ ਬਾਅਦ ਇਕੱਲੇ ਨਿਯਮਤ ਰੂਪ ਨਾਲ ਕਸਰਤ ਕਰੋ। ਸ਼ੁਰੂ ਵਿਚ ਕਿਸੇ ਕੰਮ ਨੂੰ ਰੁਟੀਨ ਵਿਚ ਲਿਆਉਂਦੇ ਸਮੇਂ ਕੁਝ ਮੁਸ਼ਕਿਲਾਂ ਆਉਂਦੀਆਂ ਹਨ, ਜਿਵੇਂ ਕਸਰਤ ਦੇ ਲਈ ਉਚਿਤ ਸਮਾਂ ਕੱਢਣਾ, ਸਵੇਰੇ ਜਲਦੀ ਉੱਠਣਾ, ਸ਼ੁਰੂ ਵਿਚ ਕਸਰਤ ਦੇ ਬਾਅਦ ਸਰੀਰਕ ਦਰਦ ਨੂੰ ਸਹਿਣਾ ਆਦਿ। ਕੋਸ਼ਿਸ਼ ਕਰੋ ਕਿ ਘੱਟ ਤੋਂ ਵੱਧ ਵੱਲ ਨੂੰ ਹੌਲੀ-ਹੌਲੀ ਵਧੋ। ਸਰੀਰ ਨੂੰ ਨਵੀਆਂ ਆਦਤਾਂ ਦਾ ਆਦੀ ਬਣਨ ਦਿਉ। ਆਪਣੀ ਸਮਰੱਥਾ ਤੋਂ ਵੱਧ ਕਰਨ ਦਾ ਯਤਨ ਨਾ ਕਰੋ। ਕਸਰਤ ਕਰਦੇ ਹੋਏ ਆਪਣੇ ਸਰੀਰ ਦੇ ਅੰਗਾਂ ਨੂੰ ਸਿੱਧਾ ਰੱਖਦੇ ਹੋਏ ਜਿੰਨਾ ਖਿੱਚ ਸਕਦੇ ਹੋ, ਖਿੱਚੋ। ਜਿਵੇਂ ਹੀ ਕਿਸੇ ਅੰਗ ਵਿਚ ਦਰਦ ਮਹਿਸੂਸ ਹੋਵੇ, ਉਸ ਨੂੰ ਹੋਰ ਅੱਗੇ ਨਾ ਵਧਾਓ। ਉਸ ਕਸਰਤ ਨੂੰ ਰੋਕ ਦਿਉ। ਕਸਰਤ ਕਰਦੇ ਸਮੇਂ ਕਸਰਤ ਨੂੰ ਬੋਝ ਸਮਝ ਕੇ ਨਾ ਕਰੋ। ਤਣਾਅਮੁਕਤ ਤੇ ਖੁਸ਼ਦਿਲ ਕਸਰਤ ਕਰੋ। ਕਸਰਤ ਕਰਨ ਵੇਲੇ ਪੂਰਾ ਧਿਆਨ ਕਸਰਤ ਵੱਲ ਲਗਾਓ। ਕਸਰਤ ਸਦਾ ਖੁੱਲ੍ਹੀ ਥਾਂ 'ਤੇ ਕਰੋ, ਜਿਥੇ ਤਾਜ਼ੀ ਹਵਾ ਤੇ ਕੁਦਰਤੀ ਰੌਸ਼ਨੀ ਮਿਲ ਸਕੇ। ਇਹ ਧਿਆਨ ਰੱਖੋ ਕਿ ਜਦੋਂ ਵੀ ਕਸਰਤ ਕਰੋ, ਉਸ ਤੋਂ ਪਹਿਲਾਂ ਤਿੰਨ ਘੰਟੇ ਤੱਕ ਕੁਝ ਠੋਸ ਨਾ ਖਾਓ। ਕਸਰਤ ਕਰਦੇ ਸਮੇਂ ਤੰਗ ਕੱਪੜੇ ਨਾ ਪਹਿਨੋ। ਅਜਿਹੇ ਵਸਤਰ ਹੀ ਪਹਿਨੋ, ਜਿਨ੍ਹਾਂ ਨੂੰ ਪਹਿਨ ਕੇ ਕਸਰਤ ਦੌਰਾਨ ਸਰੀਰ ਨੂੰ ਲੋੜ ਮੁਤਾਬਿਕ ਘੁਮਾ ਸਕੋ।

ਸ਼ੁਰੂ-ਸ਼ੁਰੂ ਵਿਚ ਹਲਕੀ ਕਸਰਤ ਕਰੋ, ਜਿਸ ਨਾਲ ਸਰੀਰ ਵਾਰਮ-ਅਪ ਹੋ ਜਾਵੇ। ਯੋਗਾ ਸ਼ੁਰੂ ਕਰਨ ਤੋਂ ਪਹਿਲਾਂ ਕੁਝ ਸੂਖਮ ਕਿਰਿਆਵਾਂ ਤੇ ਸਟਰੈਚਿੰਗ ਕਰੋ ਤਾਂ ਕਿ ਸਰੀਰ ਕਸਰਤ ਲਈ ਤਿਆਰ ਹੋ ਜਾਵੇ। ਕਸਰਤ ਆਪਣੀ ਸਮਰੱਥਾ ਅਨੁਸਾਰ ਹੀ ਕਰੋ। ਸਮਰੱਥਾ ਤੋਂ ਵੱਧ ਕਸਰਤ ਸਿਹਤ ਲਈ ਹਾਨੀਕਾਰਕ ਹੋ ਸਕਦੀ ਹੈ।

-ਨੀਤੂ ਗੁਪਤਾ



# ਬਲੱਡ ਪ੍ਰੈਸ਼ਰ ਰੋਗੀਆਂ ਲਈ ਚੰਗਾ ਹੈ ਮੈਡੀਟੇਸ਼ਨ



ਨਵੀਆਂ ਖੋਜਾਂ ਦੇ ਅਨੁਸਾਰ ਮੈਡੀਟੇਸ਼ਨ ਅਤੇ ਕਿਸੇ ਮੰਤਰ ਦਾ ਜਾਪ ਕਰਨ ਨਾਲ ਨਾ ਸਿਰਫ ਆਤਮਾ ਨੂੰ ਸ਼ਾਂਤੀ ਮਿਲਦੀ ਹੈ ਸਗੋਂ ਦਿਲ ਦੇ ਰੋਗਾਂ ਦੀ ਸੰਭਾਵਨਾ ਵੀ ਘੱਟ ਹੁੰਦੀ ਹੈ। ਇਕ ਖੋਜ ਵਿਚ 60 ਵਿਅਕਤੀਆਂ ਨੇ ਮੈਡੀਟੇਸ਼ਨ ਕੀਤਾ ਅਤੇ ਦੇਖਿਆ ਕਿ ਕੁਝ ਮਹੀਨਿਆਂ ਤੱਕ ਉਨ੍ਹਾਂ ਦੀਆਂ ਨਾੜੀਆਂ ਵਿਚ ਖੂਨ ਦਾ ਵੇਗ ਚੰਗਾ ਰਿਹਾ। ਮਹਾਂਰਿਸ਼ੀ ਯੂਨੀਵਰਸਿਟੀ ਦੇ ਮਾਹਿਰ ਐਪੋਰੋ ਕੈਸਿਟੀਲੋ ਰਿਚਮੰਡ ਦੇ ਅਨੁਸਾਰ ਮੈਡੀਟੇਸ਼ਨ ਤਣਾਅ ਨੂੰ ਘੱਟ ਕਰਦਾ ਹੈ ਜਿਸ ਕਰਕੇ ਬਲੱਡ ਪ੍ਰੈਸ਼ਰ ਨਾਰਮਲ ਰਹਿੰਦਾ ਹੈ ਅਤੇ ਖੂਨ ਦੀਆਂ ਨਾੜੀਆਂ ਸਹੀ ਢੰਗ ਨਾਲ ਕਾਰਜ ਕਰਦੀਆਂ ਹਨ। ਇਸ ਨਾਲ ਦਿਲ ਦੇ ਰੋਗੀਆਂ ਅਤੇ ਹਾਈ ਬਲੱਡ ਪ੍ਰੈਸ਼ਰ ਦੇ ਰੋਗੀਆਂ ਨੂੰ ਕਾਫੀ ਲਾਭ ਹੋਇਆ ਹੈ। ਰਿਸ਼ੀਆਂ-ਮੁੰਨੀਆਂ ਅਤੇ ਸਾਧੂਆਂ ਨੂੰ ਮੈਡੀਟੇਸ਼ਨ ਦੀ ਇਸ ਸ਼ਕਤੀ ਦਾ ਗਿਆਨ ਸੀ। ਇਸ ਲਈ ਉਹ ਜਾਪ 'ਤੇ ਜ਼ੋਰ ਦਿੰਦੇ ਸਨ। ਹੁਣ ਆਧੁਨਿਕ ਵਿਗਿਆਨੀਆਂ ਨੇ ਵੀ ਮੈਡੀਟੇਸ਼ਨ ਦੀ ਮਹਿਮਾ ਨੂੰ ਜਾਣ ਲਿਆ ਹੈ।

# ਦਿਮਾਗੀ ਰੋਗ-ਉਦਾਸੀਪਣ

ਅਸੀਂ ਸਭ ਕਿਸੇ ਨਾ ਕਿਸੇ ਕਾਰਨ ਕੁਝ ਸਮੇਂ ਵਾਸਤੇ ਉਦਾਸ ਤਾਂ ਹੁੰਦੇ ਹੀ ਹਾਂ ਪਰ ਜੇਕਰ ਸਾਨੂੰ ਇਹ ਉਦਾਸੀ ਸਦਾ ਲਈ ਰਹਿਣੀ ਸ਼ੁਰੂ ਹੋ ਜਾਂਦੀ ਹੈ ਤਾਂ ਸਮਝੋ ਇਹ ਦਿਮਾਗੀ ਰੋਗ ਉਦਾਸੀਪਣ ਹੈ। ਉਦਾਸੀਪਣ ਦੀ ਸਭ ਤੋਂ ਵਧੇਰੇ ਖਤਰਨਾਕ ਗੱਲ ਇਹ ਹੈ ਕਿ ਜੇਕਰ ਇਸ ਦਾ ਇਲਾਜ ਸਮੇਂ ਸਿਰ ਨਾ ਕੀਤਾ ਜਾਵੇ ਤਾਂ ਇਸ ਦਾ ਅੰਤ ਆਤਮ-ਹੱਤਿਆ 'ਚ ਹੁੰਦਾ ਹੈ।

ਸੋਚ 'ਚ ਅੰਤਰ : * ਹਰੇਕ ਗੱਲ ਬਾਰੇ ਹੱਦ ਤੋਂ ਵੱਧ ਠੀਕ ਜਾਂ ਗ਼ਲਤ ਸੋਚਣਾ 'ਚ ਕੋਈ ਇਕ ਵੀ ਗਲਤੀ ਹੋਣ 'ਤੇ ਇੰਜ ਪ੍ਰਤੀਤ ਹੋਣਾ ਕਿ ਹੁਣ ਜ਼ਿੰਦਗੀ 'ਚ ਮੇਰੇ ਕੋਲੋਂ ਹਮੇਸ਼ਾ ਗਲਤ ਕੰਮ ਹੀ ਹੋਣਗੇ। ਕੋਈ ਵੀ ਚੰਗਾ ਕੰਮ ਨਹੀਂ ਹੋਵੇਗਾ * ਆਪਣੇ ਠੀਕ ਰਵੱਈਏ ਨੂੰ ਨਜ਼ਰਅੰਦਾਜ਼ ਕਰੀ ਜਾਣਾ ਤੇ ਛੋਟੀ ਜਿੰਨੀ ਗਲਤੀ ਲਈ ਵੀ ਆਪਣੇ-ਆਪ ਨੂੰ ਕੋਸਦੇ ਰਹਿਣਾ * ਆਪਣੇ-ਆਪ ਨੂੰ ਹਮੇਸ਼ਾ ਨਿਕੰਮਾ ਮਹਿਸੂਸ ਕਰਨਾ ਕਿ ਮੈਂ ਤਾਂ ਕਿਸੇ ਕੰਮ ਨੂੰ ਕਰਨ ਦੇ ਕਾਬਲ ਹੀ ਨਹੀਂ * ਕਿਸੇ ਦੇ ਇਕ ਆਮ ਰਵੱਈਏ ਨੂੰ ਵੀ ਮਾੜਾ ਜਾਣ ਕੇ ਗਲਤ ਪ੍ਰਭਾਵ ਲੈ ਲੈਣਾ * ਹਰੇਕ ਗੱਲ ਦਾ 'ਨਾਂਹ-ਪੱਖੀ' ਨਤੀਜਾ ਕੱਢ ਕੇ ਬੈਠ ਜਾਣਾ।

ਵਤੀਰੇ 'ਚ ਅੰਤਰ : ਹਰੇਕ ਨਾਲ ਗੁੱਸੇ 'ਚ ਬੋਲਣਾ, ਸੁਭਾਅ 'ਚ ਚਿੜਚਿੜਾਪਣ ਰਹਿਣਾ, ਹਰ ਵੇਲੇ ਘਬਰਾਹਟ ਰਹਿਣੀ, ਕਿਸੇ ਕੰਮ 'ਚ ਦਿਲ ਨਾ ਲੱਗਣਾ ਆਦਿ।

ਸਰੀਰਕ ਤਬਦੀਲੀ : ਪੇਟ ਭਾਰਾ ਰਹਿਣਾ, ਗੈਸ/ਕਬਜ਼ ਰਹਿਣੀ, ਭੁੱਖ ਘੱਟ ਲੱਗਣੀ, ਸਿਰਦਰਦ, ਉਨੀਂਦਰਾ, ਭਾਰ ਵਧਣਾ ਜਾਂ ਘਟਣਾ ਆਦਿ।

ਕਿਉਂ ਹੁੰਦਾ ਹੈ ਉਦਾਸੀਪਣ : ਉਦਾਸੀਪਣ ਦਾ ਦੂਸਰਾ ਨਾਂ ਦਿਮਾਗੀ ਕਮਜ਼ੋਰੀ ਹੈ। ਮਰੀਜ਼ ਹੇਠ ਲਿਖੀਆਂ ਤਿੰਨ ਦਿਮਾਗੀ ਕਮਜ਼ੋਰੀਆਂ ਕਾਰਨ ਉਦਾਸੀਪਣ ਦਾ ਸ਼ਿਕਾਰ ਹੋ ਜਾਂਦੇ ਹਨ : * ਦਿਮਾਗ ਦੇ ਤਿੰਨ ਹਿੱਸਿਆਂ ਪ੍ਰੀਫਰਨਟਲ, ਟੈਮਪੋਰਲ ਤੇ ਲਿੰਬਿਕ ਸਿਸਟਮ 'ਚ ਵਿਗਾੜ ਪੈ ਜਾਣਾ * ਹਾਈਪੋਥੈਲਮੱਸ ਪਿਚੂਇਟਰੀ ਗ੍ਰੰਥੀ 'ਚੋਂ ਕਾਰਟੀਕਾਰਟੋਫਿਨ ਤਰਲ ਪਦਾਰਥ ਦਾ ਬਾਹਰ ਆਉਣਾ * ਸਿਰੋਟੋਨਿਨ, ਨੌਰਐਡਰੀਨਾਲਿਨ ਤੇ ਡੌਪਾਮੀਨ ਰਿਸੈਪਟਰਜ਼ 'ਚ ਖਾਸ ਕਿਸਮ ਦੀ ਘਾਟ ਹੋਣਾ।




ਨਿਊਰੋਥੈਰੇਪੀ ਰਾਹੀਂ ਇਲਾਜ-ਨਿਊਰੋਥੈਰੇਪੀ ਇਕ ਅਜਿਹੀ ਮਾਨਸਿਕ/ਦਿਮਾਗੀ ਬਿਮਾਰੀਆਂ ਤੇ ਨਸ਼ੇ ਛਡਾਉਣ ਲਈ ਆਧੁਨਿਕ ਅਮਰੀਕਨ ਤਕਨੀਕ ਹੈ ਜਿਸ ਰਾਹੀਂ ਇਨ੍ਹਾਂ ਉਪਰੋਕਤ ਦਿਮਾਗੀ ਕਮਜ਼ੋਰੀਆਂ ਨੂੰ ਦੂਰ ਕਰਕੇ ਮਰੀਜ਼ ਨੂੰ ਹਮੇਸ਼ਾ ਲਈ ਉਦਾਸੀਪਣ ਤੋਂ ਬਾਹਰ ਲਿਆਂਦਾ ਜਾਂਦਾ ਹੈ। ਜ਼ਿਕਰਯੋਗ ਹੈ ਕਿ ਅਕਸਰ ਬਹੁਤ ਸਾਰੇ ਉਦਾਸੀਪਣ ਦੇ ਮਰੀਜ਼ ਉਦਾਸੀਪਣ ਨੂੰ ਦੂਰ ਕਰਨ ਲਈ ਨਸ਼ੀਲੀਆਂ ਦਵਾਈਆਂ ਜਾਂ ਨਸ਼ਿਆਂ ਦੇ ਆਦੀ ਹੋ ਜਾਂਦੇ ਹਨ। ਅਜਿਹੇ ਮਰੀਜ਼ ਨਸ਼ਿਆਂ ਦੇ ਇਲਾਜ ਤੋਂ ਬਾਅਦ ਉਦਾਸੀਪਨ ਕਾਰਨ ਦੁਬਾਰਾ ਨਸ਼ੇ ਲੈਣੇ ਸ਼ੁਰੂ ਕਰ ਦਿੰਦੇ ਹਨ। ਅਜਿਹੇ ਮਰੀਜ਼ਾਂ ਵਿਚ ਨਸ਼ਿਆਂ ਦਾ ਮੂਲ ਕਾਰਨ ਹੀ ਉਦਾਸੀਪਣ ਹੁੰਦਾ ਹੈ। ਜੇਕਰ ਅਜਿਹੇ ਮਰੀਜ਼ਾਂ ਦਾ ਨਸ਼ਿਆਂ ਦੇ ਨਾਲ-ਨਾਲ ਉਦਾਸੀਪਣ ਦਾ ਇਲਾਜ ਵੀ ਕੀਤਾ ਜਾਵੇ ਤਾਂ ਅਜਿਹੇ ਮਰੀਜ਼ ਉਦਾਸੀਪਨ ਤੋਂ ਛੁਟਕਾਰਾ ਪਾ ਕੇ ਨਸ਼ਿਆਂ ਤੋਂ ਵੀ ਹਮੇਸ਼ਾ ਲਈ ਛੁਟਕਾਰਾ ਪਾ ਲੈਂਦੇ ਹਨ। **-ਡਾ: ਜਗਦੀਪ ਪਾਲ ਸਿੰਘ**

# ਕੀ ਕਰੀਏ ਜੇ ਸਤਾਏ ਐਸੀਡਿਟੀ (ਪੇਟ ਗੈਸ)

ਸ਼ਾਇਦ ਹੀ ਕੋਈ ਅਜਿਹਾ ਵਿਅਕਤੀ ਹੋਵੇਗਾ, ਜੋ ਕਦੀ ਪੇਟ ਗੈਸ ਜਾਂ ਐਸੀਡਿਟੀ ਜਾਂ ਅਮਲਤਾ ਜਾਂ ਬਦਹਜ਼ਮੀ ਦਾ ਸ਼ਿਕਾਰ ਨਾ ਹੋਇਆ ਹੋਵੇ। ਐਸੀਡਿਟੀ ਹੋਣ 'ਤੇ ਮਰੀਜ਼ ਦਾ ਬੁਰਾ ਹਾਲ ਹੋ ਜਾਂਦਾ ਹੈ। ਨਾ ਤਾਂ ਠੀਕ ਤਰ੍ਹਾਂ ਖਾ-ਪੀ ਸਕਦਾ ਹੈ, ਉਪਰੋਂ ਉਲਟੀਆਂ ਤੇ ਖੱਟੇ ਡਕਾਰ ਆਉਂਦੇ ਹਨ। ਕਿਥੋਂ ਆਉਂਦਾ ਹੈ ਇਹ ਐਸਿਡ (ਅਮਲ) ਅਤੇ ਕੀ ਹੈ ਇਸ ਦਾ ਉਪਾਅ ?



ਐਸੀਡਿਟੀ ਹੋਣ ਦਾ ਅਰਥ ਹੈ ਸਾਡੇ ਮਿਹਦੇ ਵਿਚ ਅਮਲ ਦੀ ਮਾਤਰਾ ਵਧੇਰੇ ਹੋਣਾ ਜੋ ਆਮ ਤੌਰ 'ਤੇ ਕਿਸੇ ਪੇਟ ਦੇ ਨੁਕਸ ਦਾ ਸੂਚਕ ਵੀ ਹੋ ਸਕਦਾ ਹੈ। ਕਈ ਵਾਰ ਮਸਾਲੇਦਾਰ ਭੋਜਨ, ਤਲੀਆਂ ਹੋਈਆਂ ਚੀਜ਼ਾਂ, ਕੁਝ ਦਵਾਈਆਂ ਅਤੇ ਐਸਿਡ ਨੂੰ ਉਤਸ਼ਾਹਿਤ ਕਰਨ ਵਾਲੇ ਤੱਤ ਜਿਵੇਂ ਸਿਗਰਟ, ਤੰਬਾਕੂ, ਚਾਹ ਆਦਿ ਦਾ ਵਧੇਰੇ ਸੇਵਨ ਕਰਨਾ।

ਵੈਸੇ ਜਦੋਂ ਅਸੀਂ ਭੋਜਨ ਕਰਦੇ ਹਾਂ ਤਾਂ ਪੇਟ ਵਿਚ ਹਾਈਡ੍ਰੋਕਲੋਰਿਕ ਐਸਿਡ ਦਾ ਬਣਨਾ ਸ਼ੁਰੂ ਹੋ ਜਾਂਦਾ ਹੈ ਅਤੇ ਲੋੜ ਮੁਤਾਬਿਕ ਬਣਨ ਪਿੱਛੋਂ ਇਹ ਆਪਣੇ-ਆਪ ਰੁਕ ਜਾਂਦਾ ਹੈ। ਜੇਕਰ ਮਿਹਦੇ ਵਿਚ ਤੇਜ਼ਾਬ ਦੀ ਮਾਤਰਾ ਲੋੜ ਤੋਂ ਵੱਧ ਹੋਣ ਲੱਗੇ ਤਾਂ ਉਸ ਨੂੰ ਐਸੀਡਿਟੀ ਹੋਣਾ ਕਹਿੰਦੇ ਹਨ।

ਐਸੀਡਿਟੀ ਨੂੰ ਆਮ ਸਮਝ ਕੇ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ, ਕਿਉਂਕਿ ਐਸੀਡਿਟੀ ਦੇ ਕਾਰਨ ਅਲਸਰ ਆਦਿ ਰੋਗਾਂ ਦਾ ਜਨਮ ਵੀ ਹੋ ਸਕਦਾ ਹੈ। ਚਿੰਤਾ ਅਤੇ ਤਣਾਅ ਵੀ ਐਸੀਡਿਟੀ ਦਾ ਕਾਰਨ ਹੋ ਸਕਦੇ ਹਨ।

ਜੇਕਰ ਕਿਸੇ ਵਿਅਕਤੀ ਨੂੰ ਅਕਸਰ ਐਸੀਡਿਟੀ ਦੀ ਸ਼ਿਕਾਇਤ ਰਹਿੰਦੀ ਹੈ ਤਾਂ ਉਸ ਦੇ ਕਾਰਨਾਂ ਨੂੰ ਜਾਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇਕਰ ਤੁਸੀਂ ਕਿਸੇ ਗਲਤ ਪਦਾਰਥ ਜਾਂ ਦਵਾਈ ਦਾ ਸੇਵਨ ਕਰਦੇ ਹੋ ਤਾਂ ਤੁਰੰਤ ਉਨ੍ਹਾਂ ਨੂੰ ਤਿਆਗ ਦਿਉ। ਜੇਕਰ ਇਨ੍ਹਾਂ ਦੀ ਵਰਤੋਂ ਡਾਕਟਰ ਦੀ ਸਲਾਹ ਨਾਲ ਕਰਦੇ ਹੋ ਪਰ ਐਸੀਡਿਟੀ ਹੁੰਦੀ ਹੈ ਤਾਂ ਤੁਰੰਤ ਤਿਆਗ ਦਿਉ ਅਤੇ ਆਪਣੇ ਡਾਕਟਰ ਨੂੰ ਇਸ ਬਾਰੇ ਦੱਸੋ। ਐਸੀਡਿਟੀ ਅਤੇ ਬਦਹਜ਼ਮੀ ਵਿਚ ਕੁਝ ਘਰੇਲੂ ਚੀਜ਼ਾਂ ਵੀ ਲਾਭਦਾਇਕ ਹੋ ਸਕਦੀਆਂ ਹਨ। ਜਿਵੇਂ :

* ਸੌਂਫ ਅਤੇ ਅਦਰਕ ਜਾਂ ਜੀਰੇ ਦੇ ਨਾਲ ਸੇਵਨ ਕਰਨ ਨਾਲ ਪੇਟ ਦੀ ਜਲਣ ਅਤੇ ਹਾਜ਼ਮੇ ਤੋਂ ਰਾਹਤ ਮਿਲਦੀ ਹੈ।
* ਅਜਵਾਇਣ ਦੇ ਬੀਜਾਂ ਨਾਲ ਵਾਸ਼ਪਵਿਧੀ ਨਾਲ ਕੱਢੇ ਤੇਲ ਦੀਆਂ 2-3 ਬੂੰਦਾਂ ਲੈਣ ਨਾਲ ਗੈਸ, ਖੱਟੇ ਡਕਾਰ ਅਤੇ ਪੇਟ ਦਰਦ ਤੋਂ ਆਰਾਮ ਮਿਲਦਾ ਹੈ।
* ਹਰੜ ਜਾਂ ਹਰਿਤ ਦਾ ਜੂਸ, ਆਂਵਲੇ ਦੇ ਰਸ ਦੇ ਨਾਲ ਭੋਜਨ ਦੇ ਮਗਰੋਂ ਸੇਵਨ ਕਰਨ ਨਾਲ ਐਸੀਡਿਟੀ ਅਤੇ ਸੀਨੇ ਦੀ ਜਲਣ ਤੋਂ ਲਾਭ ਹੁੰਦਾ ਹੈ।
* ਭੋਜਨ ਦੇ ਮਗਰੋਂ ਸੌਂਫ ਦੇ ਸੇਵਨ ਨਾਲ ਸਾਹ ਦੀ ਬਦਬੂ, ਬਦਹਜ਼ਮੀ ਅਤੇ ਉਲਟੀਆਂ ਤੋਂ ਰਾਹਤ ਮਿਲਦੀ ਹੈ।
* ਇਸ ਤੋਂ ਬਿਨਾਂ 15-20 ਗ੍ਰਾਮ ਸੌਂਫ ਨੂੰ 100 ਗ੍ਰਾਮ ਪਾਣੀ ਵਿਚ ਅੱਧਾ ਘੰਟਾ ਉਬਾਲ ਕੇ ਸੇਵਨ ਕਰਨ ਨਾਲ ਬਦਹਜ਼ਮੀ, ਪੇਟ ਦਰਦ ਤੇ ਐਸੀਡਿਟੀ ਤੋਂ ਰਾਹਤ ਮਿਲਦੀ ਹੈ।
* ਮੁਲੱਠੀ ਦੀਆਂ ਸੁੱਕੀਆਂ ਜੜ੍ਹਾਂ ਨੂੰ ਰਾਤ ਵੇਲੇ ਪਾਣੀ ਵਿਚ ਭਿਉਂ ਕੇ ਉਸ ਪਾਣੀ ਨੂੰ ਸੁੰਢ ਵਿਚ ਮਿਲਾ ਕੇ ਸੇਵਨ ਕਰਨ ਨਾਲ ਅਲਸਰ ਤੋਂ ਲਾਭ ਮਿਲਦਾ ਹੈ। ਮੁਲੱਠੀ ਪਾਊਡਰ ਦੇ ਸੇਵਨ ਨਾਲ ਅਲਸਰ ਨਾਲ ਪੇਟ ਦਰਦ ਤੋਂ ਰਾਹਤ ਮਿਲਦੀ ਹੈ ਅਤੇ ਤੇਜ਼ਾਬੀ ਮਾਦੇ ਵਿਚ ਕਮੀ ਆਉਂਦੀ ਹੈ।

# ਬੱਚੇਦਾਨੀ ਦੀਆਂ ਰਸੌਲੀਆਂ-ਕਾਰਨ ਅਤੇ ਇਲਾਜ

**ਬੱਚੇਦਾਨੀ ਦੀਆਂ ਰਸੌਲੀਆਂ ਕਿਸੇ ਵੀ ਉਮਰ ਵਿਚ ਬਣ ਸਕਦੀਆਂ ਹਨ ਪਰ ਚਾਲੀ ਤੋਂ ਪੰਜਾਹ ਸਾਲ ਦੀ ਉਮਰ ਵਿਚ ਰਸੌਲੀ ਬਣਨ ਦੇ ਆਸਾਰ ਵੱਧ ਹੁੰਦੇ ਹਨ। ਬੱਚੇਦਾਨੀ ਦੀਆਂ ਰਸੌਲੀਆਂ ਦਾ ਸਭ ਤੋਂ ਵੱਡਾ ਲੱਛਣ ਹੈ ਮਾਹਵਾਰੀ ਦੌਰਾਨ ਖੂਨ ਦਾ ਜ਼ਿਆਦਾ ਪੈਣਾ।**



ਬੱਚੇਦਾਨੀ ਔਰਤ ਦੀ ਜਣਨ ਕਿਰਿਆ ਦਾ ਇਕ ਜ਼ਰੂਰੀ ਅੰਗ ਹੈ ਜਿਸ ਬਿਨਾਂ ਉਹ ਅਧੂਰੀ ਹੈ। ਦੁਨੀਆਂ 'ਤੇ ਬਹੁਤ ਸਾਰੀਆਂ ਅਜਿਹੀਆਂ ਔਰਤਾਂ ਪਾਈਆਂ ਗਈਆਂ ਜਿਨ੍ਹਾਂ ਨੂੰ ਕੁਦਰਤ ਨੇ ਇਸ ਵਰਦਾਨ ਤੋਂ ਵਾਂਝਿਆ ਰੱਖਿਆ। ਬੱਚੇਦਾਨੀ ਨੂੰ ਆਮ ਭਾਸ਼ਾ ਵਿਚ ਕੁਝ ਵੀ ਕਹਿ ਦਿੱਤਾ ਜਾਂਦਾ ਹੈ ਜਿਸ ਵਿਚ ਬੱਚਾ ਬਣਦਾ ਹੈ ਅਤੇ ਨੌਂ ਮਹੀਨੇ ਆਪਣੀ ਮਾਂ ਦੀ ਨਿੱਘੀ ਗੋਦ ਦਾ ਆਨੰਦ ਮਾਣਦਾ ਹੈ ਪਰ ਇਹ ਜ਼ਰੂਰੀ ਅੰਗ ਦੀਆਂ ਬਿਮਾਰੀਆਂ ਔਰਤਾਂ ਵਿਚ ਸਭ ਤੋਂ ਵਧੇਰੇ ਪਾਈਆਂ ਜਾਂਦੀਆਂ ਹਨ। ਬੱਚੇਦਾਨੀ ਦੀਆਂ ਰਸੌਲੀਆਂ ਬਣਨੀਆਂ ਤਾਂ ਆਮ ਗੱਲ ਹੋ ਗਈ ਹੈ। ਬੱਚਦਾਨੀ ਦਾ ਕੈਂਸਰ ਵੀ ਅੱਜਕੱਲ੍ਹ ਆਮ ਗੱਲ ਹੈ। ਆਉ ਵਿਚਾਰ ਕਰੀਏ ਕਿ ਕਿਹੜੇ ਕਾਰਨ ਹਨ ਜਿਨ੍ਹਾਂ ਕਰਕੇ ਦਿਨ-ਬ-ਦਿਨ ਬੱਚੇਦਾਨੀ ਦੀਆਂ ਰਸੌਲੀਆਂ ਦੇ ਮਰੀਜ਼ਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ।

ਹਾਰਮੋਨਜ਼ ਦੀ ਅਸੰਤੁਲਤਾ ਇਸ ਦਾ ਸਭ ਤੋਂ ਵੱਡਾ ਕਾਰਨ ਹੈ, ਜਿਸ ਵਿਚ ਮੁੱਖ ਰੂਪ ਵਿਚ ਉਹ ਔਰਤਾਂ ਜੋ ਜ਼ਿਆਦਾਤਰ ਹਾਰਮੋਨਜ਼ ਦੀ ਵਰਤੋਂ ਕਰਦੀਆਂ ਹਨ ਜਿਵੇਂ ਕਿ ਗਰਭ ਰੋਕੂ ਗਲੀਆਂ ਜਾਂ ਮਹਾਂਵਾਰੀ ਦੀ ਅਨਿਯਮਤਾ ਹੋਣ 'ਤੇ ਜ਼ਿਆਦਾ ਹਾਰਮੋਨਜ਼ ਦਵਾਈਆਂ ਦੀ ਵਰਤੋਂ ਕਾਰਨ ਰਸੌਲੀਆਂ ਹੋਣ ਦਾ ਖਤਰਾ ਜ਼ਿਆਦਾ ਵੱਧ ਜਾਂਦਾ ਹੈ। ਦੂਜਾ ਮੁੱਖ ਕਾਰਨ ਹੈ ਮਾਨਸਿਕ ਤਣਾਅ (1) ਉਹ ਔਰਤਾਂ ਜਿਨ੍ਹਾਂ ਦੇ ਵਿਆਹ ਤੋਂ ਦੋ ਚਾਰ ਸਾਲ ਬੀਤਣ 'ਤੇ ਵੀ ਬੱਚਾ ਨਹੀਂ ਹੁੰਦਾ ਤਾਂ ਉਨ੍ਹਾਂ ਦੀ ਬੱਚੇਦਾਨੀ ਵਿਚ ਰਸੌਲੀਆਂ ਬਣਨਾ ਆਮ ਗੱਲ ਹੈ। ਕਿਉਂਕਿ ਹਰੇਕ ਔਰਤ ਵਿਆਹ ਤੋਂ ਪਿੱਛੋਂ ਮਾਂ ਬਣਨਾ ਲੋਚਦੀ ਹੈ ਅਗਰ ਕਿਸੇ ਕਾਰਨਾਂ ਕਰਕੇ ਔਰਤ ਮਾਂ ਨਹੀਂ ਬਣ ਸਕਦੀ ਤਾਂ ਉਸ ਦੀ ਬੱਚੇਦਾਨੀ ਵਿਚ ਰਸੌਲੀ ਦਾ ਜਨਮ ਹੋਣਾ ਸ਼ੁਰੂ ਹੋ ਜਾਂਦਾ ਹੈ। (2) ਉਹ ਔਰਤ ਜਿਨ੍ਹਾਂ ਦੇ ਕੰਤ ਚੜ੍ਹਦੀ ਉਮਰ ਵਿਚ ਸਾਥ ਛੱਡ ਜਾਂਦੇ ਹਨ ਜਾਂ ਜੇਕਰ ਕਿਸੇ ਔਰਤ ਦੇ ਬੱਚੇ ਦੀ ਮੌਤ ਹੋ ਜਾਵੇ ਤਾਂ ਬੱਚੇਦਾਨੀ ਵਿਚ ਰਸੌਲੀਆਂ ਬਣਨ ਦਾ ਖਤਰਾ ਵੱਧ ਜਾਂਦਾ ਹੈ। ਇਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਬੱਚੇਦਾਨੀ ਉਤੇ ਸਿਰਫ ਪਤੀ ਜਾਂ ਬੱਚਿਆਂ ਦਾ ਹੱਕ ਹੁੰਦਾ ਹੈ। (3) ਜਿਹੜੇ ਘਰਾਂ ਵਿਚ ਲੜਾਈ ਕਲੇਸ਼ ਜ਼ਿਆਦਾ ਰਹਿੰਦਾ ਹੋਵੇ ਅਤੇ ਉਹ ਔਰਤਾਂ ਜੋ ਕਿਸੇ ਦੇ ਪ੍ਰਭਾਵ ਅਧੀਨ ਜ਼ਿੰਦਗੀ ਦੇ ਦਿਨ ਕੱਟਦੀਆਂ ਹਨ ਉਨ੍ਹਾਂ ਵਿਚ ਹਾਰਮੋਨਜ਼ ਦੀ ਅਸੰਤੁਲਤਾ ਵੱਧ ਜਾਂਦੀ ਹੈ। (4) ਉਹ ਔਰਤਾਂ ਜਿਨ੍ਹਾਂ ਵਿਚ ਕਾਮ ਇੱਛਾ ਬਹੁਤ ਜ਼ਿਆਦਾ ਹੋਵੇ ਪਰ ਉਨ੍ਹਾਂ ਦੀ ਇਹ ਇੱਛਾ ਪੂਰੀ ਨਾ ਹੋਵੇ ਤਾਂ ਉਹ ਵੀ ਬੱਚੇਦਾਨੀ ਦੀਆਂ ਰਸੌਲੀਆਂ ਦਾ ਸ਼ਿਕਾਰ ਹੋ ਸਕਦੀਆਂ ਹਨ। ਕੁਆਰੀਆਂ ਕੁੜੀਆਂ ਵਿਚ ਤਾਂ ਬੱਚੇਦਾਨੀ ਦੀਆਂ ਰਸੌਲੀਆਂ ਦੇ ਕੇਸ ਬਹੁਤ ਹੀ ਘੱਟ ਮਿਲਦੇ ਹਨ ਪਰ ਉਹ ਕੁੜੀਆਂ ਜੋ ਸਾਰੀ ਉਮਰ ਵਿਆਹ ਨਹੀਂ ਕਰਾਉਂਦੀਆਂ ਜਾਂ ਇਹ ਕਹਿ ਲਵੋ ਕਿ ਕੁਦਰਤ ਦੇ ਨਿਯਮਾਂ ਦੇ ਉਲਟ ਚੱਲਦੀਆਂ ਹਨ ਜਾਂ ਸਾਰੀ ਉਮਰ ਆਪਣੀ ਕਾਮ ਇੱਛਾ ਨੂੰ ਬਚਾ ਕੇ ਰੱਖਦੀਆਂ ਹਨ ਉਨ੍ਹਾਂ ਵਿਚ ਰਸੌਲੀਆਂ ਬਣਨਾ ਸੁਭਾਵਿਕ ਹੈ।

ਲੱਛਣ: ਬੱਚੇਦਾਨੀ ਦੀਆਂ ਰਸੌਲੀਆਂ ਕਿਸੇ ਵੀ ਉਮਰ ਵਿਚ ਬਣ ਸਕਦੀਆਂ ਹਨ ਪਰ ਚਾਲੀ ਤੋਂ ਪੰਜਾਹ ਸਾਲ ਦੀ ਉਮਰ ਵਿਚ ਰਸੌਲੀ ਬਣਨ ਦੇ ਆਸਾਰ ਵੱਧ ਹੁੰਦੇ ਹਨ। ਬੱਚੇਦਾਨੀ ਦੀਆਂ ਰਸੌਲੀਆਂ ਦਾ ਸਭ ਤੋਂ ਵੱਡਾ ਲੱਛਣ ਹੈ ਮਾਹਵਾਰੀ ਦੌਰਾਨ ਖੂਨ ਦਾ ਜ਼ਿਆਦਾ ਪੈਣਾ। ਕਈ ਔਰਤਾਂ ਦੇ ਸਿਰਫ ਪੇਡੂ ਵਾਲੀ ਜਗ੍ਹਾ ਜਾਂ ਪਿੱਠ ਵਿਚ ਦਰਦ ਹੁੰਦਾ ਰਹਿੰਦਾ ਹੈ ਜੋ ਮਾਹਵਾਰੀ ਦੇ ਦਿਨਾਂ ਦੌਰਾਨ ਜ਼ਿਆਚਾ ਵੱਧ ਜਾਂਦਾ ਹੈ ਪੇਟ ਦੇ ਹੇਠਲੇ ਹਿੱਸੇ ਵਿਚ ਜ਼ਿਆਦਾ ਭਾਰ ਲੱਗਣਾ ਜਾਂ ਜਿਸ ਤਰ੍ਹਾਂ ਭਾਰ ਪੈਂਦਾ ਹੈ ਉਸ ਤਰ੍ਹਾਂ ਮਹਿਸੂਸ ਹੋਣਾ ਇਹ ਸਾਰੇ ਰਸੌਲੀਆਂ ਦੇ ਲੱਛਣ ਹਨ।

ਕੀ ਬੱਚੇਦਾਨੀ ਕੱਢਣਾ ਹੀ ਇਸ ਦਾ ਹੱਲ ਹੈ: ਨਹੀਂ। ਜਿਹੜੀਆਂ ਔਰਤਾਂ ਦੇ ਬੱਚੇਦਾਨੀ ਵਿਚ ਰਸੌਲੀਆਂ ਬਣ ਜਾਂਦੀਆਂ ਹਨ ਤਾਂ ਸਾਡੇ ਦੇਸ਼ ਦੇ ਮਾਣਯੋਗ ਸਰਜਨ ਕਹਿੰਦੇ ਹਨ ਕਿ ਰਸੌਲੀਆਂ ਸਮੇਤ ਬੱਚੇਦਾਨੀ ਕੱਢ ਕੇ ਪਰ੍ਹਾਂ ਸੁੱਟ ਦਿਓ।

ਜੇਕਰ ਸਰਜਨਾਂ ਨੇ ਇਹ ਵਰਤਾਰਾ ਜਾਰੀ ਰੱਖਿਆ ਤਾਂ ਆਉਣ ਵਾਲੇ ਸਾਲਾਂ ਵਿਚ ਤੀਹ ਜਾਂ ਪੈਂਤੀ ਸਾਲ ਦੀ ਉਮਰ ਤੋਂ ਪਿੱਛੋਂ ਕੋਈ ਔਰਤ ਅਜਿਹੀ ਨਹੀਂ ਮਿਲੇਗੀ ਜਿਸ ਦੇ ਬੱਚੇਦਾਨੀ ਹੋਵੇ। ਬੱਚੇਦਾਨੀ ਨੂੰ ਉਦੋਂ ਤੱਕ ਨਹੀਂ ਕਢਵਾਉਣਾ ਚਾਹੀਦਾ ਜਦ ਤਕ ਤਕਲੀਫ ਬਹੁਤੀ ਜ਼ਿਆਦਾ ਨਾ ਹੋਵੇ। ਮਾੜਾ ਮੋਟਾ ਪਾਣੀ ਪੈਣ 'ਤੇ ਜਾਂ ਦਰਦ ਰਹਿਣ 'ਤੇ ਜਿਹੜੀਆਂ ਔਰਤਾਂ ਬੱਚੇਦਾਨੀ ਕਢਵਾਉਣ ਦਾ ਫੈਸਲਾ ਲੈ ਲੈਂਦੀਆਂ ਹਨ ਉਨ੍ਹਾਂ ਨੂੰ ਇਸ ਦੇ ਭਿਆਨਕ ਨਤੀਜੇ ਭੁਗਤਣੇ ਪੈਂਦੇ ਹਨ। ਅਪਰੇਸ਼ਨ ਤੋਂ ਪਿੱਛੋਂ ਔਰਤਾਂ ਵਿਚ ਲਗਭਗ 50 ਸਾਲ ਦੀ ਉਮਰ ਤੱਕ ਬਿਲਕੁੱਲ ਉਸੇ ਤਰ੍ਹਾਂ ਦੇ ਲੱਛਣ ਆਉਂਦੇ ਰਹਿੰਦੇ ਹਨ ਜੋ ਅਪਰੇਸ਼ਨ ਕਰਵਾਉਣ ਤੋਂ ਪਹਿਲਾਂ ਹੁੰਦੇ ਸਨ ਜਿਵੇਂ ਛਾਤੀ ਦਾ ਭਾਰਾ ਹੋਣਾ, ਪੇਟ ਵਿਚ ਦਰਦ ਰਹਿਣ ਜਾਂ ਸਹੀ ਇਕ ਮਹੀਨੇ ਪਿੱਛੋਂ ਥੋੜ੍ਹਾ-ਥੋੜ੍ਹਾ ਪਾਣੀ ਪੈਣਾ ਵਗੈਰਾ। ਹੋਮਿਉਪੈਥਿਕ ਫਲਸਫਾ ਇਸ ਸਿਧਾਂਤ 'ਤੇ ਪਹਿਰਾ ਦਿੰਦਾ ਹੈ ਕਿ ਉਹ ਸਰੀਰਕ ਜਾਂ ਮਾਨਸਿਕ ਪ੍ਰਕਿਰਿਆ ਜੋ ਸਾਡੇ ਸਰੀਰ ਜਾਂ ਮਨ ਅੰਦਰ ਇਕ ਅੰਸਤੁਲਿਤ ਰੂਪ ਵਿਚ ਚੱਲ ਰਹੀ ਹੈ। ਉਸ ਦਾ ਸੰਤੁਲਨ ਠੀਕ ਕੀਤਾ ਜਾਵੇ ਤਾਂ ਜੋ ਰਸੌਲੀਆਂ ਬਣ ਗਈਆਂ ਉਹ ਖੁਰ ਸਕਣ ਅਤੇ ਅੱਗੇ ਤੋਂ ਵੀ ਰਸੌਲੀਆਂ ਦਾ ਬਣਨਾ ਰੋਕਿਆ ਜਾਵੇ।

**-ਡਾ. ਅਮਨਦੀਪ ਸਿੰਘ**

# ਧਾਰਮਿਕ ਅੰਕ

## ਵਿਦੇਸ਼ਾਂ 'ਚ ਸਿੱਖੀ ਸਰੂਪ ਸਬੰਧੀ ਗ਼ਲਤ-ਫਹਿਮੀਆਂ ਨੂੰ ਕਿਵੇਂ ਦੂਰ ਕੀਤਾ ਜਾਵੇ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਲਿਹਾਰੇ ਜਾਂਦੇ ਹਾਂ, ਜਿਨ੍ਹਾਂ ਨੇ ਸਾਰੇ ਪਰਿਵਾਰ ਨੂੰ ਸਿੱਖ ਪੰਥ ਤੋਂ ਕੁਰਬਾਨ ਕਰਕੇ ਸਿੱਖੀ ਸਰੂਪ ਨੂੰ ਸਾਡੀ ਝੋਲੀ ਪਾਇਆ ਹੈ। ਇਸ ਸਰੂਪ ਦੀ ਬਹਾਲੀ ਨੂੰ ਕਾਇਮ ਰੱਖਣ ਲਈ ਸਿੱਖਾਂ ਨੇ ਸਮੇਂ-ਸਮੇਂ ਸਿਰ ਬੜਾ ਭਾਰੀ ਯੋਗਦਾਨ ਪਾਇਆ ਹੈ। ਵਿਦੇਸ਼ਾਂ ਵਿਚ ਇਸ ਸਰੂਪ ਦੀ ਸਹੀ ਜਾਣਕਾਰੀ ਨਾ ਹੋਣ ਕਾਰਨ ਸਿੱਖਾਂ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਸਲ ਵਿਚ ਸਿੱਖ ਸ਼ੁਰੂ ਤੋਂ ਹੀ ਇਨ੍ਹਾਂ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਆ ਰਹੇ ਹਨ। ਕਦੇ ਫੌਜ ਵਿਚ, ਕਦੇ ਕ੍ਰਿਪਾਨ ਦਾ ਮਸਲਾ, ਕਦੇ ਵਿਦੇਸ਼ਾਂ ਵਿਚ ਸਿੱਖੀ ਸਰੂਪ ਕਾਰਨ ਸਕੂਲਾਂ-ਕਾਲਜਾਂ ਵਿਚ ਦਾਖਲੇ 'ਤੇ ਪਾਬੰਦੀ, ਕਦੇ ਦਸਤਾਰ ਕਾਰਨ ਸਰਕਾਰੀ ਅਦਾਰਿਆਂ ਵਿਚ ਨੌਕਰੀਆਂ ਦੀਆਂ ਪਾਬੰਦੀਆਂ ਅਤੇ ਹੁਣ ਸਭ ਤੋਂ ਖਤਰਨਾਕ ਦੁਨੀਆ ਦੇ ਕਈ ਏਅਰਪੋਰਟਾਂ 'ਤੇ ਦਸਤਾਰ ਉਤਾਰ ਕੇ ਤਲਾਸ਼ੀ ਲਈ ਜਾਂਦੀ ਹੈ। ਇਸ ਦੀ ਮਿਸਾਲ ਮੈਨੂੰ ਯਾਦ ਹੈ, ਪਿਛਲੇ ਸਾਲ ਜਰਮਨ ਦੇ ਸ਼ਹਿਰ ਮਿਊਨਿਖ ਵਿਖੇ ਸਫਰ ਕਰ ਰਹੇ 4 ਸਿੱਖਾਂ ਨੂੰ ਪਗੜੀ ਉਤਾਰ ਕੇ ਤਲਾਸ਼ੀ ਲੈਣ ਕਾਰਨ ਉਨ੍ਹਾਂ ਨੂੰ ਟਰੇਨ ਰਾਹੀਂ ਦੂਜੇ ਦੇਸ਼ ਜਾ ਕੇ ਦੂਜੇ ਏਅਰਪੋਰਟ ਤੋਂ ਅੱਗੇ ਦਾ ਸਫਰ ਕਰਨ ਦੀ ਗੱਲ ਯਾਦ ਹੈ। ਸਾਡੇ ਸਿੱਖਾਂ ਵਾਸਤੇ ਕਿੰਨੀ ਮੰਦਭਾਗੀ ਗੱਲ ਹੈ ਕਿ 87 ਫੀਸਦੀ ਕੁਰਬਾਨੀਆਂ ਦੇ ਕੇ ਭਾਰਤ ਨੂੰ ਆਜ਼ਾਦ ਕਰਾਉਣ ਵਾਲੇ ਸਿੱਖਾਂ ਨੂੰ ਅੱਜ ਆਪਣੀ ਪਹਿਚਾਣ ਦੱਸਣ ਵਾਸਤੇ ਸੰਘਰਸ਼ ਕਰਨਾ ਪੈ ਰਿਹਾ ਹੈ। ਇਹ ਸਿੱਖਾਂ ਦੀ ਤਰਾਸਦੀ ਵੀ ਹੈ। ਇਹ ਮੁਸ਼ਕਿਲ ਅੱਜ ਹਿੰਦੁਸਤਾਨ ਵਿਚ ਵੀ ਹੈ। ਥੋੜ੍ਹਾ ਪਿੱਛੇ ਝਾਤੀ ਮਾਰੀਏ ਤਾਂ 1947 ਤੋਂ ਬਾਅਦ ਵੀ ਸਿੱਖਾਂ ਨੂੰ ਆਪਣੀ ਪਹਿਚਾਣ ਵਾਸਤੇ ਕਈ ਸੰਘਰਸ਼ ਕਰਨੇ ਪਏ ਹਨ। ਕਦੀ ਗੁਰੂ-ਘਰਾਂ ਦੀ ਆਜ਼ਾਦੀ ਵਾਸਤੇ, ਕਦੇ ਪੰਜਾਬੀ ਸੂਬਾ ਲੈਣ ਵਾਸਤੇ ਅਤੇ ਅੱਜ ਆਪਣੀ ਵੱਖਰੀ ਪਹਿਚਾਣ ਲਈ ਇਹ ਸੰਘਰਸ਼ ਸਾਨੂੰ ਵਿਦੇਸ਼ ਵਿਚ ਵੀ ਕਰਨੇ ਪੈ ਰਹੇ ਹਨ। 11 ਸਤੰਬਰ 2001 ਨੂੰ ਅਮਰੀਕਾ ਵਿਚ 'ਵਰਲਡ ਟਰੇਡ ਸੈਂਟਰ' 'ਤੇ ਹੋਏ ਹਮਲੇ ਕਾਰਨ ਸਿੱਖੀ ਸਰੂਪ ਦਾ ਮਸਲਾ ਹੋਰ ਵੀ ਗੰਭੀਰ ਬਣ ਗਿਆ ਹੈ। ਯੂਰਪ ਦੇ ਕਈ ਦੇਸ਼ਾਂ ਵਿਚ ਬੱਚਿਆਂ ਨੂੰ ਦਸਤਾਰ ਸਜਾ ਕੇ ਸਕੂਲ ਦਾਖਲੇ 'ਤੇ ਪਾਬੰਦੀ, ਸਿੱਖੀ ਸਰੂਪ ਕਾਰਨ ਸਰਕਾਰੀ ਅਦਾਰਿਆਂ ਵਿਚ ਨੌਕਰੀ 'ਤੇ ਪਾਬੰਦੀ, ਡਰਾਈਵਿੰਗ ਲਾਈਸੰਸ 'ਤੇ ਦਸਤਾਰ ਸਜਾ ਕੇ ਫੋਟੋ ਨਾ ਲਾਉਣ ਦੇਣਾ, ਨਾਂਅ ਦੇ ਨਾਲ ਸਿੰਘ ਅਤੇ ਕੌਰ ਲਾਉਣ 'ਤੇ ਪਾਬੰਦੀ ਆਦਿ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਥਾਵਾਂ 'ਤੇ ਸਿੱਖਾਂ ਨੂੰ ਖਤਰਨਾਕ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਕਈ ਸਿੱਖਾਂ ਨੂੰ ਆਪਣੀ ਜਾਨ ਤੋਂ ਵੀ ਹੱਥ ਧੋਣੇ ਪਏ ਹਨ। ਬੜੇ ਦੁੱਖ ਦੀ ਗੱਲ ਹੈ ਕਿ ਅਸੀਂ ਵਿਦੇਸ਼ੀ ਸਰਕਾਰਾਂ ਕੋਲ ਸਮੇਂ ਸਿਰ ਆਪਣਾ ਇਹ ਮਸਲਾ ਸਹੀ ਤਰੀਕੇ ਨਾਲ ਨਹੀਂ ਉਠਾ ਸਕੇ। ਦੁਨੀਆ ਦੇ ਹਰ ਵੱਡੇ ਸ਼ਹਿਰ ਵਿਚ ਸਿੱਖਾਂ ਦੇ ਗੁਰਦੁਆਰੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਹਰੇਕ ਐਤਵਾਰ ਗੁਰੂ-ਘਰਾਂ ਵਿਚ ਇਕੱਠੇ ਹੁੰਦੇ ਹਨ ਪਰ ਅਸੀਂ ਆਪਣੇ ਸਿੱਖੀ ਸਰੂਪ ਨੂੰ ਸਹੀ ਤਰੀਕੇ ਨਾਲ ਪੇਸ਼ ਨਹੀਂ ਕਰ ਸਕੇ।

ਦੂਜੀ ਸੰਸਾਰ ਜੰਗ ਸਮੇਂ ਸਿੱਖਾਂ ਨੇ ਬੜਾ ਵੱਡਾ ਯੋਗਦਾਨ ਪਾਇਆ ਹੈ। ਸਿੱਖਾਂ ਨੇ ਆਪਣੀਆਂ ਸ਼ਹਾਦਤਾਂ ਦੇ ਕੇ ਉਨ੍ਹਾਂ ਲੋਕਾਂ ਦੀ ਆਬਰੂ ਇੱਜ਼ਤ ਨੂੰ ਬਚਾਇਆ ਹੈ। ਸਿੱਖੀ ਸਰੂਪ ਦਾ ਮਸਲਾ ਜ਼ਿਆਦਾ ਯੂਰਪ ਦੇ ਵੱਖ-ਵੱਖ ਦੇਸ਼ਾਂ ਵਿਚ ਹੈ। ਇਥੇ ਹੀ ਦੂਜੀ ਸੰਸਾਰ ਜੰਗ ਸਮੇਂ ਸਿੱਖਾਂ ਨੇ ਬੜੀਆਂ ਭਾਰੀ ਕੁਰਬਾਨੀਆਂ ਦਿੱਤੀਆਂ ਹਨ। ਅੱਜ ਵੀ ਯੂਰਪ ਦੇ ਵੱਖ-ਵੱਖ ਸ਼ਹਿਰਾਂ ਵਿਚ ਸਿੱਖਾਂ ਦੀਆਂ ਯਾਦਗਾਰਾਂ ਬਣੀਆਂ ਹਨ। ਦਾਸ ਉਸ ਕਾਮਨਵੈਲਥ ਕਮਿਸ਼ਨ ਦਾ ਧਾਰਮਿਕ ਮੈਂਬਰ ਹੋਣ ਨਾਤੇ ਪਿਛਲੇ ਤਕਰੀਬਨ 12 ਸਾਲ ਤੋਂ ਉਸ ਜਗ੍ਹਾ 'ਤੇ ਜਿਥੇ ਹਰੇਕ ਸਾਲ 11 ਨਵੰਬਰ ਨੂੰ ਕਾਮਨਵੈਲਥ ਦੇ ਸਾਰੇ ਦੇਸ਼ ਇਕੱਤਰ ਹੋ ਕੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ, ਉਥੇ ਪਿਛਲੇ ਲੰਮੇ ਸਮੇਂ ਤੋਂ ਦਾਸ ਨੂੰ ਹਰੇਕ ਸਾਲ ਉਥੇ ਜਾਣ ਦਾ ਮੌਕਾ ਮਿਲਦਾ ਰਿਹਾ ਹੈ। ਸਭ ਤੋਂ ਛੋਟੀ ਉਮਰ ਦੇ 16 ਅਤੇ 17 ਸਾਲ ਦੇ ਸਾਡੇ ਜਵਾਨਾਂ ਨੇ ਸ਼ਹਾਦਤਾਂ ਦੇ ਕੇ ਉਨ੍ਹਾਂ ਲੋਕਾਂ ਦੀ ਆਬਰੂ ਇੱਜ਼ਤ ਨੂੰ ਬਚਾਇਆ ਹੈ। ਯੂਰਪ ਦੇ ਕਈ ਮਿਊਜ਼ੀਅਮਾਂ ਵਿਚ ਸਿੱਖ ਸ਼ਹੀਦਾਂ ਦੀਆਂ ਤਸਵੀਰਾਂ ਵੀ ਲੱਗੀਆਂ ਹੋਈਆਂ ਹਨ ਪਰ ਕਿੰਨੀ ਤਰਾਸਦੀ ਹੈ ਸਾਡੀ ਕਿ ਅਸੀਂ ਆਪਣੀ ਪਹਿਚਾਣ ਨੂੰ ਦੁਨੀਆ ਤੱਕ ਪਹੁੰਚਾਉਣ ਤੱਕ ਫੇਲ੍ਹ ਹੋਏ ਹਾਂ। ਅਸਲ ਵਿਚ ਯੂਰਪ ਵਿਚ ਸਾਡੀ ਗਿਣਤੀ ਘੱਟ ਹੋਣ ਕਾਰਨ ਵੀ ਇਹ ਮਸਲਾ ਜ਼ਿਆਦਾ ਉਲਝਿਆ ਹੈ। ਇਹ ਸੰਘਰਸ਼ ਪਹਿਲਾਂ ਅਮਰੀਕਾ, ਕੈਨੇਡਾ, ਇੰਗਲੈਂਡ ਵਿਚ ਵੀ ਕਰਨੇ ਪਏ ਸਨ। ਇਨ੍ਹਾਂ ਦੇਸ਼ਾਂ ਵਿਚ ਸਾਡੀ ਜ਼ਿਆਦਾ ਵਸੋਂ ਹੋਣ ਕਾਰਨ ਇਹ ਮਸਲਾ ਜਲਦੀ ਹੱਲ ਹੋਇਆ ਹੈ। ਸਿੱਖੀ ਸਰੂਪ ਅਤੇ ਦਸਤਾਰ ਦਾ ਮਸਲਾ ਪਿਛਲੇ ਸਮੇਂ ਵਿਚ ਫਰਾਂਸ ਤੋਂ ਉੱਭਰ ਕੇ ਸਾਹਮਣੇ ਆਇਆ ਹੈ। ਦਸਤਾਰ ਸਜਾ ਕੇ ਸਕੂਲ ਵਿਚ ਦਾਖਲੇ 'ਤੇ ਪਾਬੰਦੀ ਕਾਰਨ ਇਹ ਮਸਲਾ ਇਕ ਖਤਰਨਾਕ ਦੌਰ ਵਿਚ ਹੈ। ਇਸ ਸਬੰਧੀ ਦੁਨੀਆ ਭਰ ਵਿਚ ਰੋਸ ਮੁਜ਼ਾਹਰੇ ਹੋਏ ਹਨ। ਦਾਸ ਵੀ ਇਨ੍ਹਾਂ ਕਈ ਰੋਸ ਮੁਜ਼ਾਹਰਿਆਂ ਵਿਚ ਸ਼ਾਮਿਲ ਸੀ। ਸਿੱਖਾਂ ਦੀਆਂ ਵੱਖ-ਵੱਖ ਜਥੇਬੰਦੀਆਂ ਨੇ ਆਪਣੇ-ਆਪਣੇ ਤਰੀਕੇ ਨਾਲ ਇਹ ਮਸਲਾ ਹਿੰਦੁਸਤਾਨ ਦੀ ਸਰਕਾਰ ਅਤੇ ਵਿਦੇਸ਼ੀ ਸਰਕਾਰਾਂ ਕੋਲ ਉਠਾਇਆ ਹੈ ਪਰ ਇਸ ਦਾ ਕੋਈ ਸਿੱਟਾ ਨਹੀਂ ਨਿਕਲਿਆ। ਫਰਾਂਸ ਦੇ ਰਾਸ਼ਟਰਪਤੀ ਮਿਸ: ਸਰਕੋਜੀ ਪਿਛਲੇ ਸਮੇਂ ਵਿਚ ਭਾਰਤ ਦੇ ਦੌਰੇ 'ਤੇ ਆਏ ਸਨ। ਉਸ ਵਕਤ ਵੱਖ-ਵੱਖ ਸੰਗਠਨਾਂ ਨੇ ਜ਼ੋਰਦਾਰ ਤਰੀਕੇ ਨਾਲ ਇਹ ਮਸਲਾ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਸੀ। ਆਪਸੀ ਖਿੱਚੋਤਾਣ ਕਾਰਨ ਇਹ ਮਸਲਾ ਜਿਉਂ ਦਾ ਤਿਉਂ ਹੀ ਰਹਿ ਗਿਆ। ਇਸ ਵੱਲੋਂ ਫਰਾਂਸ ਸਰਕਾਰ ਵੱਲੋਂ ਕੋਈ ਵੀ ਹਾਂ-ਪੱਖੀ ਹੁੰਗਾਰਾ ਨਹੀਂ ਮਿਲਿਆ, ਜਿਸ ਕਾਰਨ ਸਿੱਖ ਹਿਰਦਿਆਂ ਨੂੰ ਹੋਰ ਵੀ ਦੁਖੀ ਹੋਣਾ ਪਿਆ ਹੈ। ਸਿੱਖੀ ਸਰੂਪ ਦੀ ਜਾਣ-ਪਹਿਚਾਣ ਕਰਾਉਣ ਸਬੰਧੀ ਸਭ ਤੋਂ ਵੱਡੀ ਜ਼ਿੰਮੇਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੜੇ ਅਸਰਦਾਰ ਤਰੀਕੇ ਨਾਲ ਹਿੰਦੁਸਤਾਨ ਦੀ ਸਰਕਾਰ ਕੋਲ ਇਹ ਮਸਲਾ ਉਠਾ ਚੁੱਕੀ ਹੈ ਪਰ ਸਿੱਖ-ਵਿਰੋਧੀ ਵਿਚਾਰਧਾਰਾ ਕਾਰਨ ਹਿੰਦੁਸਤਾਨ ਦੀ ਸਰਕਾਰ ਵੱਲੋਂ ਕੋਈ ਅਸਰਦਾਰ ਤਰੀਕੇ ਨਾਲ ਇਹ ਮਸਲਾ ਬਾਹਰ ਦੀਆਂ ਸਰਕਾਰਾਂ ਕੋਲ ਨਹੀਂ ਉਠਾਇਆ ਗਿਆ। ਇਹ ਮਸਲਾ ਕੇਵਲ ਸਿੱਖ ਲੀਡਰਾਂ ਵੱਲੋਂ ਯੂ. ਐਨ. ਓ. ਦੇ ਸੈਕਟਰੀ ਅਤੇ ਫਰਾਂਸ ਦੇ ਰਾਸ਼ਟਰਪਤੀ ਨੂੰ ਪੱਤਰ ਲਿਖਣ ਤੱਕ ਹੀ ਸੀਮਤ ਰਹਿ ਗਿਆ। ਹਿੰਦੁਸਤਾਨ ਅਤੇ ਵਿਦੇਸ਼ਾਂ ਵਿਚ ਸਿੱਖ ਅੱਜ ਬੜੇ ਉੱਚੇ ਅਹੁਦਿਆਂ 'ਤੇ ਬੈਠੇ ਹਨ। ਹਿੰਦੁਸਤਾਨ ਦਾ ਪ੍ਰਧਾਨ ਮੰਤਰੀ ਵੀ ਇਕ ਸਿੱਖ ਹੈ। ਅੱਜ ਹਿੰਦੁਸਤਾਨ ਦੀ ਸਰਕਾਰ ਚਾਹੇ ਤਾਂ ਇਸ ਮਸਲੇ ਨੂੰ ਬੜੀ ਗੰਭੀਰਤਾ ਨਾਲ ਵਿਚਾਰਿਆ ਜਾ ਸਕਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਿੰਦੁਸਤਾਨ ਵਿਚ ਇਕ ਚੁਣੀ ਹੋਈ ਸੰਸਥਾ ਹੈ, ਜਿਸ ਵੱਲੋਂ ਪ੍ਰਭਾਵਸ਼ਾਲੀ ਯਤਨ ਕਰਨੇ ਚਾਹੀਦੇ ਹਨ, ਕਿਉਂਕਿ ਇਹ ਮਸਲਾ ਹੁਣ ਇਕੱਲੇ ਫਰਾਂਸ ਦਾ ਨਹੀਂ ਬਲਕਿ ਸਾਰੇ ਯੂਰਪ ਦਾ ਸਾਂਝਾ ਮਸਲਾ ਬਣ ਗਿਆ ਹੈ। ਦੁਨੀਆ ਵਿਚ ਸਭ ਤੋਂ ਵੱਧ ਵਸੋਂ ਵਾਲੇ ਦੇਸ਼ਾਂ ਵਿਚ ਦੂਜੇ ਨੰਬਰ 'ਤੇ ਹਿੰਦੁਸਤਾਨ ਦਾ ਨੰਬਰ ਆਉਂਦਾ ਹੈ, ਜਿਸ ਦਾ ਪ੍ਰਧਾਨ ਮੰਤਰੀ ਸਿੱਖ ਹੈ ਅਤੇ ਜੋ ਸਿਰ 'ਤੇ ਦਸਤਾਰ ਸਜਾ ਕੇ ਰੱਖਦਾ ਹੈ ਅਤੇ ਉਸ ਦੀ ਦੁਨੀਆ ਵਿਚ ਇਕ ਵੱਖਰੀ ਪਹਿਚਾਣ ਹੈ। ਸਮੁੱਚੇ ਸਿੱਖ ਸੰਗਠਨਾਂ ਅਤੇ ਸਮੂਹ ਸਿੱਖ ਸੰਪਰਦਾਵਾਂ ਨੂੰ ਆਪਣੇ-ਆਪਣੇ ਪ੍ਰਭਾਵ ਰਾਹੀਂ ਹਿੰਦੁਸਤਾਨ ਦੀ ਸਰਕਾਰ 'ਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਉਹ ਇਸ ਗੰਭੀਰ ਮਸਲੇ ਨੂੰ ਯੂ. ਐਨ. ਓ. ਅਤੇ ਯੂਰਪੀਅਨ ਯੂਨੀਅਨ ਵਿਚ ਸਹੀ ਤਰੀਕੇ ਨਾਲ ਪੇਸ਼ ਕਰੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖ ਸਿਆਣੇ ਬੁੱਧੀਜੀਵੀਆਂ ਦੀ ਇਕ ਕਮੇਟੀ ਬਣਾਉਣੀ ਚਾਹੀਦੀ ਹੈ, ਜਿਸ ਵਿਚ ਚੰਗੇ ਪੜ੍ਹੇ-ਲਿਖੇ ਸਿੱਖ ਹੋਣ ਤਾਂ ਕਿ ਦੁਨੀਆ ਦੇ ਹਰ ਮਨੁੱਖ ਦੀ ਵਿਚਾਰਧਾਰਾ ਰਾਹੀਂ ਤਸੱਲੀ ਕਰਵਾ ਸਕਣ। ਇਸ ਕਮੇਟੀ ਦਾ ਕਾਫਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਹੇਠ ਹੁੰਦਾ ਹੋਇਆ ਹਿੰਦੁਸਤਾਨ ਦੀ ਸਰਕਾਰ ਰਾਹੀਂ ਯੂ. ਐਨ. ਓ. ਵਿਚ ਜਾਵੇ ਅਤੇ ਯੂਰਪੀਅਨ ਯੂਨੀਅਨ ਤੋਂ ਹੁੰਦਾ ਹੋਇਆ ਇਹ ਕਾਫਲਾ ਵੱਖ—ਵੱਖ ਦੇਸ਼ਾਂ ਦਾ ਦੌਰਾ ਕਰੇ ਅਤੇ ਸਿੱਖਾਂ ਦੇ ਇਸ ਮਸਲੇ ਨੂੰ ਅਸਰਦਾਰ ਤਰੀਕੇ ਰਾਹੀਂ ਦੁਨੀਆ ਸਾਹਮਣੇ ਪੇਸ਼ ਕਰੇ। ਉਹ ਦਿਨ ਦੂਰ ਨਹੀਂ ਜਿਸ ਦਿਨ ਸਿੱਖਾਂ ਦੇ ਇਸ ਸਿੱਖੀ ਸਰੂਪ ਦੇ ਮਸਲੇ ਦਾ ਹੱਲ ਨਹੀਂ ਨਿਕਲੇਗਾ। ਇਹ ਕਾਫਲਾ ਦੁਨੀਆ ਵਿਚ ਸਿੱਖਾਂ ਦੀ ਇਹ ਜਿੱਤ ਪ੍ਰਾਪਤ ਕਰੇਗਾ। ਦੁਨੀਆ ਵਿਚ ਸਿੱਖਾਂ ਦੀ ਪਹਿਚਾਣ ਵਧੇਗੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨਤਾ ਦਾ ਪੂਰੀ ਦੁਨੀਆ ਨੂੰ ਪਤਾ ਚੱਲੇਗਾ। ਮੁਸਲਮਾਨਾਂ ਅਤੇ ਸਿੱਖਾਂ ਦੇ ਸਰੂਪ ਦੇ ਵਖਰੇਵੇਂ ਦਾ ਪਤਾ ਲੱਗੇਗਾ। ਸਿੱਧੇ ਤੌਰ 'ਤੇ ਸਿੱਖਾਂ ਨੂੰ ਇਸ ਦਾ ਲਾਭ ਪ੍ਰਾਪਤ ਹੋਵੇਗਾ। ਪੂਰੀ ਦੁਨੀਆ ਅੰਦਰ ਲੋਕਾਂ ਨੂੰ ਇਹ ਪਤਾ ਲੱਗੇਗਾ ਕਿ ਸਿੱਖ ਇਕ ਵੱਖਰੀ ਕੌਮ ਹੈ ਅਤੇ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਮਿਹਨਤ ਕਰਕੇ ਵੰਡ ਛਕਦੀ ਹੈ, ਜਿਸ ਨਾਲ ਪੂਰੀ ਦੁਨੀਆ ਵਿਚ ਸਿੱਖਾਂ ਦਾ ਮਾਣ ਵਧੇਗਾ।

ਸਿੱਖ ਜਦ ਵੀ ਉਸ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹੈ ਤਾਂ ਕਹਿੰਦਾ ਹੈ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਰਾਹੀਂ ਸਰਬੱਤ ਦਾ ਭਲਾ ਹੀ ਮੰਗਦਾ ਹੈ। ਇਸ ਦਾ ਪ੍ਰਮਾਣ ਹਰੇਕ ਜੰਗ ਜਾਂ ਯੁੱਧ ਤੋਂ ਸਹਿਜੇ ਹੀ ਲੱਗ ਜਾਂਦਾ ਹੈ ਕਿ ਜਦ ਵੀ ਕਿਧਰੇ ਕਿਸੇ ਵੀ ਕੌਮ 'ਤੇ ਕੋਈ ਭਾਰੀ ਮੁਸ਼ਕਿਲ ਆਈ ਤਾਂ ਉਸ ਵਿਚ ਸਿੱਖਾਂ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਅੱਗੇ ਹੋ ਕੇ ਪਹਿਲਾਂ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਪਿੱਛੇ ਜਿਹੇ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਜਦ ਅਮਰੀਕਾ ਵਿਖੇ ਅਮਰੀਕਾ ਦੇ ਰਾਸ਼ਟਰਪਤੀ ਸ੍ਰੀ ਜਾਰਜ ਡਬਲਿਊ ਬੁਸ਼ ਨੂੰ ਮਿਲੇ ਸੀ ਤਾਂ ਉਨ੍ਹਾਂ ਨੇ ਵੀ ਸਿੱਖਾਂ ਦੀਆਂ ਬਹੁਤ ਸਿਫ਼ਤਾਂ ਦੇ ਪੁਲ ਬੰਨ੍ਹੇ ਸਨ।

## ਪਰਲੋ ਤੋਂ ਬਚਣਾ ਹੈ ਤਾਂ ਕੁਦਰਤ ਦੀ ਸੁਣੋ !

ਤਾਪਮਾਨ ਦੇ ਵਧਣ ਨਾਲ ਸਾਗਰ ਫੈਲ ਜਾਣਗੇ ਜਿਸ ਨਾਲ ਸਾਗਰੀ ਤਲ ਵਧ ਜਾਣਾ ਹੈ, ਦੁਨੀਆ ਦੇ ਅਤਿ ਉਪਜਾਊ ਡੈਲਟਾ ਭਾਗ ਡੁੱਬ ਜਾਣਗੇ। ਬੰਗਲਾਦੇਸ਼, ਇੰਡੋਨੇਸ਼ੀਆ, ਚੀਨ ਅਤੇ ਭਾਰਤ ਆਦਿ ਨੂੰ



ਬਹੁਤ ਵੱਡੇ ਉਪਜਾਊ ਖੇਤਰਾਂ ਤੋਂ ਹੱਥ ਧੋਣਾ ਪਵੇਗਾ। ਇਸ ਨਾਲ ਸਮੁੱਚੀ ਧਰਤੀ ਉਪਰਲੀ ਵਰਖਾ-ਬਣਤਰ ਵੀ ਬਦਲ ਜਾਣੀ ਹੈ। ਇਹ ਭੈੜਾ ਦ੍ਰਿਸ਼ ਕੁਝ ਇਸ ਤਰ੍ਹਾਂ ਦਾ ਕਿਆਸਿਆ ਜਾ ਰਿਹਾ ਹੈ—ਧਰੁਵੀ ਬਰਫਾਂ ਦਾ ਪਿਘਲਣਾ, ਸਾਗਰਾਂ ਵਿਚ ਹੜ੍ਹ, ਟਾਪੂ ਦੇਸ਼ਾਂ ਦਾ ਪ੍ਰਿਥਵੀ ਉਪਰੋਂ ਸਫਾਇਆ, ਤਟਵਰਤੀ ਭਾਗਾਂ ਉਪਰ ਹੜ੍ਹਾਂ ਦੀ ਮਾਰ, ਅਣਕਿਆਸੀਆਂ ਤੇ ਬੇਮਿਸਾਲ ਸਮੱਸਿਆਵਾਂ, ਦੇਸ਼ਾਂ ਦੇ ਅੰਦਰ ਲੁੱਟ-ਖਸੁੱਟ ਤੇ ਮਾਰ-ਧਾੜ, ਤਪਤ ਤੇ ਅਰਧ ਤਪਤ ਖੰਡੀ ਖੇਤਰਾਂ ਵਿਚ ਜਿਥੇ ਬਹੁਤੀਆਂ ਵਿਕਾਸਸ਼ੀਲ ਕੌਮਾਂ ਰਹਿੰਦੀਆਂ ਹਨ, ਵੱਧ ਗਰਮੀ ਤੇ ਵੱਧ ਸੋਕਾ, ਅੰਮੇਜਨੀ ਭਾਗਾਂ ਵਿਚ ਤੂਫ਼ਾਨੀ ਝੱਖੜ, ਭੂਮੱਧ ਰੇਖਾ ਤੋਂ 35 ਡਿਗਰੀ ਉੱਤਰ ਤੇ ਦੱਖਣ ਵਿਚ ਭੋਜਨ ਦੇ ਸਾਧਨਾਂ ਦੀ ਕਮੀ, ਸਮਸੀਤ ਊਸ਼ਣੀ ਭਾਗਾਂ ਵਿਚ ਸਿਆਲ ਰੁੱਤ ਹੋਰ ਨਿੱਕੀ ਪਰ ਤਿੱਖੀ ਸ਼ੀਤ ਤੇ ਵਧੇਰੇ ਵਤਰੀਲੀ, ਉੱਤਰੀ ਅਮਰੀਕਾ ਦਾ ਅਨਾਜ-ਗੁਦਾਮ ਧੂੜ ਦਾ ਝੱਖੜ, ਸੀਤ ਪ੍ਰਦੇਸ਼ ਜਿਵੇਂ ਸਾਇਬੇਰੀਆ, ਕੈਨੇਡਾ ਤੇ ਸਕੈਂਡੇਨੇਵੀਆ ਵਿਚ ਗਰਮੀ ਦਾ ਵਾਧਾ।'

**ਸਬਕ ਨਹੀਂ ਸਿੱਖਿਆ**

ਪਰ ਕੀ ਅਸੀਂ ਸਬਕ ਸਿੱਖਿਆ ? ਫਿਰ ਅਸੀਂ ਵਾਰ-ਵਾਰ ਉਹੀ ਸਿਆਸਤਦਾਨ ਕਿਉਂ ਚੁਣ ਰਹੇ ਹਾਂ ਜਿਹੜੇ ਧਰਤੀ ਬਾਰੇ ਤਾਂ ਕੀ, ਬੰਦੇ ਬਾਰੇ ਵੀ ਨਹੀਂ ਸੋਚਦੇ। ਪ੍ਰਿਥਵੀ ਉੱਪਰ ਕੋਈ ਅਜਿਹੀ ਥਾਂ ਨਹੀਂ ਦਿੱਸਦੀ ਜਿਥੇ 'ਸੰਭਾਲ', 'ਸੰਕੇਤ', 'ਕਿਰਸ' ਜਿਹੇ ਸ਼ਬਦ ਉੱਕਰੇ ਨਾ ਦਿੱਸਦੇ ਹੋਣ। ਹਾਂ, ਇਹ ਗੱਲ ਵੱਖਰੀ ਹੈ ਕਿ ਅਸੀਂ ਜਾਣਬੁੱਝ ਕੇ ਅੱਖਾਂ ਮੂੰਦ ਲਈਏ। ਭੂਟਾਨ ਵਿਚ ਬਾਲਾਂ ਦਾ ਆਪਣੇ ਗਲਾਂ ਵਿਚ ਤਖਤੀਆਂ ਲਟਕਾ ਕੇ ਅਮੀਰ ਸੈਲਾਨੀਆਂ ਵਿਰੁੱਧ ਇਸ ਗੱਲ ਲਈ ਰੋਸ ਪ੍ਰਗਟ ਕਰਨਾ ਕਿ ਉਹ ਗੰਦਗੀ ਫੈਲਾ ਕੇ ਪਹਾੜੀ ਸੁੰਦਰਤਾ ਨੂੰ ਨਸ਼ਟ ਨਾ ਕਰਨ.... ਹਿਮਾਲੀਆਈ ਜੰਗਲਾਂ ਨੂੰ ਬਚਾਉਣ ਲਈ ਲੋਕਾਂ ਦਾ ਰੁੱਖਾਂ ਨੂੰ ਗਲਵਕੜੀਆਂ ਵਿਚ ਲੈ ਲੈਣਾ

ਪ੍ਰਯੋਜਨਾ ਵਿਰੁੱਧ ਸਥਾਨਕ ਲੋਕਾਂ ਦਾ ਰੋਹ ਭਰਿਆ ਪ੍ਰਤੀਕਰਮ.... ਥਾਂ-ਥਾਂ 'ਤੇ 'ਪ੍ਰਿਥਵੀ ਬਚਾਓ' ਦੇ ਮੌਨ ਜਲੂਸ.... ਇੰਗਲੈਂਡ ਦੇ ਬਾਲਾਂ ਦਾ ਆਪਣੇ ਮਾਪਿਆਂ ਨਾਲ ਇਸ ਗਲੋਂ ਲੜਨਾ ਕਿ ਹੁਣ ਘਰ ਵਿਚ 'ਡਿਸਪੋਜੇਬਲ' ਵਸਤੂਆਂ ਨਹੀਂ ਆਉਣਗੀਆਂ ਕਿਉਂਕਿ ਇਸ ਗੱਲ ਤੋਂ ਉਤਪੰਨ ਹੋਈ 'ਗਾਰਬੇਜ' (ਕਚਰਾ) ਵਾਤਾਵਰਨੀ ਪ੍ਰਦੂਸ਼ਣਤਾ ਵਧਾਉਂਦਾ ਹੈ... ਪੱਛਮੀ ਘਾਟ ਦੀ ਕੁਦਰਤ ਨੂੰ ਬਚਾਉਣ ਲਈ ਲੋਕ-ਕਾਫਲਿਆਂ ਦੀ ਪਦ ਯਾਤਰਾ, ਆਸਟ੍ਰੇਲੀਆ ਦੇ ਲੋਕਾਂ ਦਾ ਗੇਲੀਆਂ ਲੱਦੇ ਟਰੱਕਾਂ ਅੱਗੇ ਲੇਟ ਜਾਣਾ ਤੇ ਵੰਗਾਰਨਾ ਕਿ ਹੁਣ ਜੰਗਲਾਂ ਦੀ ਕਟਾਈ ਨਹੀਂ ਹੋਣ ਦਿੱਤੀ ਜਾਵੇਗੀ...ਪੱਛਮੀ ਜਰਮਨੀ ਵਿਚ ਪਾਰਲੀਮੈਂਟ ਚੋਣਾਂ ਸਮੇਂ 'ਗ੍ਰੀਨ' ਝੰਡੇ ਹੇਠਾਂ ਇਕੱਤਰ ਹੋ ਕੇ ਗ੍ਰੀਨ ਪਾਰਟੀ ਵੱਲੋਂ 28 ਸੀਟਾਂ ਉਪਰ ਕਾਬਜ਼ ਹੋ ਜਾਣਾ...ਅਤੇ ਮੇਰੇ ਪਿੰਡ ਦੀ ਪੰਚਾਇਤ ਦੇ ਰੁੱਖ ਲਗਾਉਣ ਵਾਲੇ ਮਤੇ ਤੋਂ ਲੈ ਕੇ ਸੰਯੁਕਤ ਰਾਸ਼ਟਰ ਦੇ ਵਾਤਾਵਰਨ ਬਚਾਓ ਦੇ ਵਿਸ਼ਵ ਵਿਆਪੀ ਫ਼ੈਸਲਿਆਂ ਤੱਕ ਦਾ ਘਟਨਾਚੱਕਰ ਭਾਵੇਂ ਇਸ ਪਹੁ-ਫੁਟਾਲੇ ਦਾ ਹੀ ਪ੍ਰਤੀਕ ਹੈ ਫਿਰ ਵੀ ਤੁਸੀਂ ਅਵੇਸਲੇ ਕਿਉਂ ਰਹੇ ? ਕੀ ਸੀਚੇਵਾਲਵੀ ਤਰਜ਼ ਦਾ ਹੋਕਾ ਵੀ ਤੁਹਾਨੂੰ ਸੁਣਾਈ ਨਹੀਂ ਦਿੰਦਾ ?

**ਬਦਲ ਰਿਹਾ ਮੁਹਾਂਦਰਾ**

ਮਨੁੱਖ ਦੁਆਰਾ ਪੈਦਾ ਕੀਤੀਆਂ ਵਾਤਾਵਰਨੀ ਬਿਪਤਾਵਾਂ ਪ੍ਰਿਥਵੀ ਦਾ ਮੁਹਾਂਦਰਾ ਬਦਲ ਰਹੀਆਂ ਹਨ। ਭੈੜੇ ਸਿਆਸਤਦਾਨ ਇਸ ਦਾ ਵੀ ਮੁੱਲ ਵੱਟਣ ਦੀ ਕੋਸ਼ਿਸ਼ ਕਰਨਗੇ। ਅਚਾਰੀਆ ਰਜਨੀਸ਼ ਨੇ ਕਿਹਾ ਸੀ, 'ਸਿਆਸਤਦਾਨਾਂ ਨੇ ਦੁਨੀਆ ਨੂੰ ਕੇਵਲ ਲੜਾਈ-ਝਗੜੇ ਹੀ ਦਿੱਤੇ ਹਨ। ਇਨ੍ਹਾਂ ਲਈ ਜ਼ਿੰਦਗੀ ਦਾ ਕੋਈ ਮੁੱਲ ਨਹੀਂ। ਮੌਤ ਇਨ੍ਹਾਂ ਦਾ ਪੂਜਣਯੋਗ ਦੇਵਤਾ ਹੈ। ਇਹ ਲੋਕ ਵਾਤਵਰਨੀ ਪਨਾਹਗੀਰਾਂ ਬਾਰੇ ਕੁਝ ਨਹੀਂ ਕਰਨਗੇ। ਉਨ੍ਹਾਂ ਦੀ ਸਾਰੀ ਸ਼ਕਤੀ ਤਾਂ ਸੱਤਾ ਨਾਲ ਚੰਬੜੇ ਰਹਿਣ ਉਪਰ ਲੱਗ ਰਹੀ ਹੁੰਦੀ ਹੈ। ਇਸ ਦਾ ਇਕੋ-ਇਕ ਹੱਲ ਇਹੋ ਹੀ ਹੈ ਕਿ ਫ਼ੌਜਾਂ ਦੀ ਲਾਮ ਡੋਰੀ ਨੂੰ ਆਦਮ-ਜਾਤ ਦੇ ਬਚਾਅ ਲਈ ਵਰਤਿਆ ਜਾਵੇ।' ਵਿਗਿਆਨ-ਪੱਤਰਕਾਰ ਪਰਵੀਨ ਲਿਖਦਾ ਹੈ, 'ਅੱਜ ਮਨੁੱਖ ਜਾਤੀ ਦੇ ਭਵਿੱਖ ਨੂੰ ਨਾ ਹੀ ਕਿਸੇ ਸੰਸਾਰ ਜੰਗ ਤੋਂ ਅਤੇ ਨਾ ਹੀ ਕਿਸੇ ਮਹਾਂਮਾਰੀ ਤੋਂ ਕੋਈ ਖ਼ਤਰਾ ਹੈ। ਇਹ ਸਨਅਤੀ ਸਮਾਜ ਵੱਲੋਂ ਕੀਤਾ ਗਿਆ ਇਕਲੌਜੀਕਲ ਵਿਨਾਸ਼ ਹੀ ਹੈ ਜਿਹੜਾ ਪ੍ਰਿਥਵੀ ਨੂੰ ਪ੍ਰਮਾਣੂ ਸਰਬਨਾਸ਼ ਵਰਗੇ ਕਗਾਰ ਵੱਲ ਧੱਕ ਰਿਹਾ ਹੈ। ਮਨੁੱਖ ਨੇ ਅੰਤਰ-ਆਧਾਰੀ ਇਕਲੌਜੀਕਲ ਪ੍ਰਣਾਲੀਆਂ ਵਿਚ ਅਜਿਹੀ ਬੇਸਮਝ ਦਖ਼ਲਅੰਦਾਜ਼ੀ ਕਰਨੀ ਸ਼ੁਰੂ ਕਰ ਦਿੱਤੀ ਹੈ ਜਿਸ ਨੇ ਪ੍ਰਤੀਕਰਮਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਜੀਵਨ ਦੇ ਗੁਣਾਤਮਿਕ ਪੱਖਾਂ ਉਪਰ ਮੰਦ ਪ੍ਰਭਾਵ ਪੈਣਗੇ ਅਤੇ ਜ਼ਿੰਦਗੀ ਨੂੰ ਆਸਰਾ ਦੇਣ ਵਾਲੀਆਂ ਪ੍ਰਣਾਲੀਆਂ ਖਿੰਡ-ਪੁੰਡ ਜਾਣਗੀਆਂ।'

**ਸਵੈ-ਨਿਰਭਰਤਾ**

ਜੂਲੀਅਨ ਹਕਸਲੇ ਨੇ ਇਕ ਵਾਰ, 'ਕੀ ਅਸੀਂ ਇਥੇ ਬਹੁਤੇ ਹੋ ਗਏ ਹਾਂ ?' ਦੇ ਸਿਰਲੇਖ ਹੇਠ ਟਿੱਪਣੀ ਕੀਤੀ ਸੀ, '...ਸਾਡਾ ਸੁੰਦਰ ਗ੍ਰਹਿ ਤਾਂ ਇਕ ਜੀਵੰਤ ਪ੍ਰਣਾਲੀ ਹੈ। ਜਲ, ਭੂਮੀ, ਪੌਣ, ਬਨਸਪਤੀ ਅਤੇ ਪ੍ਰਾਣੀ ਸਭ ਇਕ-ਦੂਜੇ ਉਪਰ ਪ੍ਰਸਪਰ ਆਧਾਰਿਤ ਹਨ ਤੇ ਇਕੋ ਹੀ ਤਾਣੇ-ਬਾਣੇ ਵਿਚ ਜੁੜੇ ਹੋਏ ਹਨ। ਜੇ ਇਕ ਵੀ ਹਿਲ ਗਿਆ ਤਾਂ ਸਮੁੱਚੀ ਤਾਣੀ ਉਲਝ ਜਾਵੇਗੀ। ਇਸ ਤਾਣੀ ਨੂੰ ਬੇਰੋਕ ਵਸੋਂ ਵੀ ਉਲਝਾ ਰਹੀ ਹੈ। ਜਲਵਾਯੂ ਬਦਲ ਰਿਹਾ ਹੈ, ਭੋਜਨ ਉਪਜਾਉਣ ਵਾਲੀ ਮਿੱਟੀ ਦੀਆਂ ਜਰਖੇਜ ਪਰਤਾਂ ਰੁੜ੍ਹਦੀਆਂ ਜਾ ਰਹੀਆਂ ਹਨ। ਬੀਤੀ ਸਦੀ ਵਿਚ ਮਨੁੱਖ ਮੂਲ-ਸਾਧਨਾਂ ਕੋਲਾ, ਤੇਲ ਅਤੇ ਹੋਰ ਖਣਿਜਾਂ ਉਪਰ ਹੀ ਨਿਰਭਰ ਰਿਹਾ ਹੈ। ਇਨ੍ਹਾਂ ਵਸਤਾਂ ਦੀ ਸਿਰਜਣਾ ਵਿਚ ਕੁਦਰਤ ਨੂੰ ਕਰੋੜਾਂ ਸਾਲ ਲੱਗ ਗਏ ਸਨ ਪਰ ਮਨੁੱਖ ਉਨ੍ਹਾਂ ਨੂੰ ਕੁਝ ਕੁ ਪੀੜ੍ਹੀਆਂ ਵਿਚ ਹੀ ਮੁਕਾ ਚਲਿਆ ਹੈ।' ਧੜਵੈਲ ਮੁਲਕਾਂ ਨੇ 'ਵਿਕਾਸ' ਦੇ ਨਾਂਅ 'ਤੇ ਬੜਾ ਕੁਝ ਹੂੰਝਿਆ ਤੇ ਲੁੱਟਿਆ ਹੈ ਪ੍ਰੰਤੂ ਵਿਕਾਸਸ਼ੀਲ ਦੇਸ਼ਾਂ ਅੰਦਰ ਵੀ ਇਕ ਗ਼ਲਤ ਮਿੱਥ ਚਲ ਰਹੀ ਹੈ ਕਿ ਵਿਕਾਸ ਯੋਜਨਾਵਾਂ ਹੀ ਹਰੇਕ ਬਿਮਾਰੀ ਦਾ ਹੱਲ ਹਨ। ਇਨ੍ਹਾਂ ਵਿਕਾਸ ਯੋਜਨਾਵਾਂ ਦੀ ਘਾੜਤ ਸਮੇਂ ਵਾਤਾਵਰਨੀ ਪੱਖ ਤਾਂ ਹਮੇਸ਼ਾ ਹੀ ਨਜ਼ਰਅੰਦਾਜ਼ ਹੁੰਦੇ ਹਨ। ਇਸੇ ਲਈ ਵਿਕਾਸ ਯੋਜਨਾਵਾਂ ਔਸ਼ਧੀ ਦੀ ਥਾਂ 'ਤੇ ਸਰਾਪ ਬਣਦੀਆਂ ਜਾ ਰਹੀਆਂ ਹਨ। ਵਿਕਾਸ ਦੇ ਨਾਂਅ ਹੇਠਾਂ ਕੁਦਰਤੀ ਸਾਧਨਾਂ ਦੀ ਅੰਨ੍ਹੇਵਾਹ ਕੀਤੀ ਜਾ ਰਹੀ ਵਰਤੋਂ ਕੁਦਰਤ ਦਾ ਸ਼ੋਸ਼ਣ ਹੈ। 'ਵਿਕਾਸ ਕਿਸੇ ਵੀ ਕੀਮਤ 'ਤੇ ਗ਼ਲਤ ਧਾਰਨਾ ਹੈ। ਵਿਕਾਸਸ਼ੀਲ ਦੇਸ਼ਾਂ ਵਿਚ ਵੀ ਸਿਰਫ਼ ਚੌਥੇ ਹਿੱਸੇ ਤੋਂ ਵੀ ਘੱਟ ਲੋਕ ਹੀ ਇਨ੍ਹਾਂ ਵਿਕਾਸ ਯੋਜਨਾਵਾਂ ਦਾ ਲਾਭ ਉਠਾ ਸਕਦੇ ਹਨ। ਜਦ ਕਿ ਸੰਤਾਪ ਸਭ ਨੂੰ ਭੁਗਤਣਾ ਪੈਣਾ ਹੈ, ਫਿਰ ਇਹ ਵਿਕਾਸ ਕਿਸ ਦਾ ਹੋਇਆ ?'

**ਕੁਦਰਤ ਨਾਲ ਰਿਸ਼ਤਾ**

ਸੱਭਿਅਤਾ ਦੇ ਜਿਸ ਵਰਤਮਾਨ ਪੜਾਅ ਵਿਚੋਂ ਮਨੁੱਖ ਜਾਤੀ ਦੀ ਪੀੜ੍ਹੀ ਲੰਘ ਰਹੀ ਹੈ ਉਸ ਵਿਚ ਕੁਦਰਤ ਨਾਲ ਮਨੁੱਖੀ ਰਿਸ਼ਤੇ ਦੇ ਮੁੜ ਮੁਲਾਂਕਣ ਦੀ ਲੋੜ ਦਿਨੋ-ਦਿਨ ਤੀਬਰ ਹੁੰਦੀ ਜਾ ਰਹੀ ਹੈ। ਸਾਡੀਆਂ ਸਮਾਜੀ ਅਤੇ ਆਰਥਿਕ ਚਿੰਤਾਵਾਂ ਵਿਚ ਜਿੰਨਾ ਵਾਧਾ ਹੋਇਆ ਹੈ ਉਸ ਦਾ ਮੂਲ ਆਧਾਰ ਕੁਦਰਤ ਦਾ ਉਜਾੜਾ ਹੈ। ਕੁਦਰਤ ਵਿਗਿਆਨੀ ਲਾਪਤੇਵ ਦਾ ਕਹਿਣਾ ਹੈ, 'ਮਨੁੱਖੀ ਸੰਸਾਰ ਆਪਣਾ ਇਤਿਹਾਸ ਸਿਰਫ਼ ਕਾਗ਼ਜ਼ਾਂ ਉਪਰ ਹੀ ਨਹੀਂ ਲਿਖਦਾ, ਸਭ ਤੋਂ ਵੱਧ ਉਹ ਆਪਣਾ ਇਤਿਹਾਸ ਕੁਦਰਤ ਦੇ ਚਿਹਰੇ ਉਪਰ ਉੱਕਰ ਦਿੰਦਾ ਹੈ। ਕਾਗਜ਼ ਉਪਰ ਲਿਖਿਆ ਇਤਿਹਾਸ ਤਾਂ ਮਿਟ ਸਕਦਾ ਹੈ, ਨਸ਼ਟ ਹੋ ਸਕਦਾ ਹੈ, ਪਰ ਕੁਦਰਤ ਦੇ ਚਿਹਰੇ ਉਪਰ ਲਿਖੀਆਂ ਗੱਲਾਂ ਸ਼ਿਲਾ-ਲੇਖਾਂ ਵਾਂਗ ਅਮਿਟ ਬਣ ਜਾਂਦੀਆਂ ਹਨ।' ਜੇ ਅਸੀਂ ਕੁਦਰਤ ਦੀ ਵੇਦਨਾ ਧਿਆਨ ਨਾਲ ਸੁਣ ਲਈਏ ਤਾਂ ਭਵਿੱਖ ਵਿਚ ਆਉਣ ਵਾਲੀ ਪਰਲੋ ਤੋਂ ਬਚਣ ਦਾ ਕੋਈ ਰਸਤਾ ਨਿਕਲ ਸਕਦਾ ਹੈ। ਸਮੁੱਚੇ ਸੰਸਾਰ ਨੂੰ ਜਾਗਣ ਦੀ ਲੋੜ ਹੈ। ਫਿਰ ਭਾਰਤੀ ਦਰਸ਼ਨ ਤਾਂ ਸਾਨੂੰ ਕੁਦਰਤ ਦੀ ਰਾਖੀ ਹੀ ਨਹੀਂ ਸਗੋਂ ਇਸ ਦਾ ਸਤਿਕਾਰ ਕਰਨ ਦੀ ਵੀ ਪ੍ਰੇਰਨਾ ਦਿੰਦਾ ਹੈ। ਸਾਡੇ ਮੇਲੇ ਜਲ ਕੁੰਡਾਂ-ਨਦੀਆਂ ਕੰਢੇ ਜੁੜਦੇ ਹਨ। ਅਸੀਂ ਕੰਜਕਾਂ ਨੂੰ ਪੂਜਦੇ ਹਾਂ। ਸਾਡਾ ਸੱਭਿਆਚਾਰ ਭੌਣਾਂ-ਜਨੌਰਾਂ ਨੂੰ ਚੋਗਾ ਪਾਉਂਦਾ ਹੈ, ਨਦੀਆਂ, ਖੂਹਾਂ ਤੇ ਟੋਭਿਆਂ ਉਤੇ ਦੀਵੇ ਜਗਾਉਂਦਾ ਹੈ, ਰੁੱਖਾਂ ਨੂੰ ਮੌਲੀਆਂ ਬੰਨ੍ਹਦਾ ਸੀ। ਅਸੀਂ ਹੀ ਇਸ ਦੇ ਅਸਲ ਭਾਵਾਂ ਨੂੰ ਭੁੱਲ-ਭੁਲਾਅ ਗਏ ਹਾਂ।

**ਵਿਜੈ ਬੰਬੇਲੀ**

## ਕਿਰਤ ਅਤੇ ਬੰਦਗੀ ਦੇ ਮਾਲਕ-ਸ਼੍ਰੋਮਣੀ ਭਗਤ ਧੰਨਾ ਜੱਟ

ਪ੍ਰਪੱਕ ਵਿਸ਼ਵਾਸ, ਦ੍ਰਿੜ੍ਹ ਇਰਾਦੇ, ਸਖ਼ਤ ਘਾਲਣਾ ਅਜਿਹੇ ਸ਼ਬਦ ਹਨ, ਜਿਹੜੇ ਮਨੁੱਖ ਦੀ ਹਰ ਮੰਜ਼ਿਲ ਨੂੰ ਸਰ ਕਰ ਦਿੰਦੇ ਹਨ। ਕਈ ਅਜਿਹੇ ਮਹਾਂਪੁਰਖ, ਬ੍ਰਹਮ ਗਿਆਨੀ, ਭਗਤ ਹੋਏ ਜਿਨ੍ਹਾਂ ਨੇ ਆਪਣੇ ਪ੍ਰਪੱਕ ਵਿਸ਼ਵਾਸ ਸਦਕਾ ਇਕ ਸਾਦੇ ਜੀਵਨ ਵਿਚੋਂ ਉਠ ਕੇ ਰੂਹਾਨੀ ਗਿਆਨ ਪ੍ਰਾਪਤ ਕੀਤਾ। ਅਜਿਹੇ ਮਹਾਂਪੁਰਖਾਂ ਵਿਚੋਂ ਭਗਤ ਧੰਨਾ ਜੱਟ ਹੋਏ ਜਿਨ੍ਹਾਂ ਨੇ ਆਪਣਾ ਜੀਵਨ ਕਿਸਾਨੀ ਤੋਂ ਸ਼ੁਰੂ ਕੀਤਾ ਅਤੇ ਭਗਤੀ ਲਹਿਰ ਦੀ ਮੰਜ਼ਿਲ ਪ੍ਰਾਪਤ ਕਰਕੇ ਨਾਮਣਾ ਖੱਟਿਆ। ਨਾਨਕਸ਼ਾਹੀ ਕੈਲੰਡਰ ਮੁਤਾਬਿਕ ਭਗਤ ਧੰਨਾ ਜੱਟ ਦਾ ਜਨਮ 21 ਅਪ੍ਰੈਲ 1473 ਬਿਕਰਮੀ, 1416 ਈਸਵੀ ਨੂੰ ਰਾਜਸਥਾਨ ਦੇ ਟਾਕ ਜ਼ਿਲ੍ਹੇ ਦੇ ਪਿੰਡ ਧੂਆਨ ਵਿਚ ਹੋਇਆ। ਇਹ ਪਿੰਡ ਦੇਵਲੀ ਤੋਂ ਲਗਭਗ 32 ਕਿਲੋਮੀਟਰ ਦੂਰ ਹੈ। ਦੇਵਲੀ ਬੂੰਦੀ ਤੋਂ ਅਜਮੇਰ ਦੇ ਰਾਹ ਵਿਚ ਹੈ। ਇਕ ਸਾਖੀ ਜੋ ਵਾਰਾਂ ਭਾਈ ਗੁਰਦਾਸ ਵਿਚ ਮਿਲਦੀ ਹੈ, ਜਿਸ ਵਿਚ ਭਾਈ ਗੁਰਦਾਸ ਲਿਖਦੇ ਹਨ, 'ਬਾਮ੍ਹਣ ਪੂਜੈ ਦੇਵਤੇ ਧੰਨਾ ਗਊ ਚਰਾਵਣਿ ਆਵੈ। ਧੰਨੈ ਡਿਠਾ ਚਲਿਤੁ ਏਹੁ ਪੂਛੈ ਬਾਮ੍ਹਣ ਆਖ ਸੁਣਾਵੈ। ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ। ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ। ਪਥਰੁ ਇਕੁ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ। ਠਾਕੁਰ ਕੋ ਨ੍ਹਾਵਾਲਿ ਕੈ ਛਾਹਿ ਰੋਟੀ ਲੈ ਭੋਗ ਚੜ੍ਹਾਵੈ। ਹਥਿ ਜੋੜਿ ਮਿਨਤਿ ਕਰੈ ਪੈਰੀ ਪੈ ਪੈ ਬਹੁਤ ਮਨਾਵੈ। ਹਉਂ ਭੀ ਮੁਹੁ ਨ ਜੁਠਾਲਸਾ ਤੂ ਰੁਠਾ ਮੈਂ ਕਿਹੁ ਨ ਸੁਖਾਵੈ। ਗੋਸਾਈਂ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ। ਭੋਲਾ ਭਾਉ ਗੋਬਿੰਦੁ ਮਿਲਾਵੈ ॥'' ਜੋ ਪ੍ਰਿਅ ਦਾਸ ਅਤੇ ਚਤੁਰਦਾਸ, ਪ੍ਰੇਮ ਅੰਬੋਹ ਦੇ ਕਰਤਾ ਦਰਬਾਰੀ ਦਾਸ ਨੇ ਆਪਣੀਆਂ ਰਚਨਾਵਾਂ ਵਿਚ ਦਿੱਤੀ, ਇਸ ਸਮੇਂ ਉਹ ਪ੍ਰਸਿੱਧ ਹੈ। ਜਿਸ ਅਨੁਸਾਰ ਪੰਡਿਤਾਂ ਵੱਲੋਂ ਕੀਤੀ ਜਾਂਦੀ ਪੂਜਾ ਨੂੰ ਦੇਖ ਕੇ ਇਨ੍ਹਾਂ ਵਿਚ ਭਗਤੀ ਦੀ ਲਗਨ ਪੈਦਾ ਹੋਈ। ਪੰਡਿਤ ਜੋ ਹਰ ਰੋਜ਼ ਮੰਦਿਰ 'ਚ ਠਾਕੁਰਾਂ ਦੀ ਪੂਜਾ ਕਰਦੇ ਸਨ, ਉਹ ਪੰਡਿਤਾਂ ਪਾਸੋਂ ਠਾਕੁਰ ਦੀ ਮੰਗ ਕਰਨ ਲੱਗੇ। ਭਗਤ ਧੰਨੇ ਦੀ ਜ਼ਿੱਦ ਅੱਗੇ ਝੁਕਦਿਆਂ ਪੰਡਿਤਾਂ ਨੇ ਇਸ ਨੂੰ ਇਕ ਬੇਘੜਤ ਪੱਥਰ ਦੇ ਦਿੱਤਾ ਅਤੇ ਇਸ ਦੀ ਪੂਜਾ ਕਰਨ ਦਾ ਉਪਦੇਸ਼ ਦਿੱਤਾ।



ਭਗਤ ਧੰਨਾ ਸਾਧੂਆਂ ਨੂੰ ਲੰਗਰ ਛਕਾਉਂਦੇ ਹੋਏ।

ਪੰਡਿਤਾਂ ਨੇ ਭਗਤ ਜੀ ਨੂੰ ਇਹ ਵੀ ਕਿਹਾ ਕਿ ਇਸ ਪੱਥਰ ਨੂੰ ਭੋਗ ਲਗਵਾਉਣ ਤੋਂ ਬਾਅਦ ਹੀ ਭੋਜਨ ਖਾਣਾ ਹੈ। ਜਦੋਂ ਉਹ ਪੱਥਰ ਨੂੰ ਭਗਵਾਨ ਮੰਨ ਕੇ ਭੋਜਨ ਦਾ ਭੋਗ ਲਵਾਉਣ ਲੱਗੇ ਤਾਂ ਪੱਥਰ ਨੇ ਭੋਗ ਨਾ ਲਾਇਆ। ਕਹਿੰਦੇ ਹਨ ਕਿ ਭਗਤ ਧੰਨੇ ਨੇ ਵੀ ਖਾਣਾ-ਪੀਣਾ ਛੱਡ ਦਿੱਤਾ ਅਤੇ ਭਗਵਾਨ ਨੂੰ ਕਿਹਾ ਜਦੋਂ ਤੱਕ ਭੋਗ ਨਹੀਂ ਲਗਾਉਂਦੇ, ਤਦ ਤੱਕ ਕੁਝ ਨਹੀਂ ਖਾਵੇਗਾ। ਦੱਸਦੇ ਹਨ ਕਿ ਅਖੀਰ ਪ੍ਰਮਾਤਮਾ ਨੂੰ ਭਗਤ ਧੰਨੇ ਦੀ ਸ਼ਰਧਾ ਅਤੇ ਲਗਨ ਅੱਗੇ ਝੁਕਣਾ ਪਿਆ।

ਭਗਤੀ ਕਰਦਿਆਂ ਧੰਨੇ ਨੂੰ ਬ੍ਰਹਮ ਗਿਆਨ ਹੋ ਗਿਆ। ਕਹਿੰਦੇ ਹਨ ਕਿ ਭਗਤ ਧੰਨੇ ਨੇ ਪੰਡਿਤ ਨੂੰ ਕਿਹਾ ਕਿ ਮੈਨੂੰ ਅਨੁਭਵ ਹੋਇਆ ਹੈ ਕਿ ਭਗਵਾਨ ਇਕ ਮੂਰਤੀ ਨਹੀਂ ਹੈ, ਉਹ ਸਾਰੇ ਬ੍ਰਹਿਮੰਡ ਵਿਚ ਸਮਾਇਆ ਹੋਇਆ ਹੈ। ਭਗਤ ਜੀ ਮੂਰਤੀ ਪੂਜਾ ਦੇ ਵਿਰੁੱਧ ਹੋਏ ਅਤੇ ਉਹ ਸਰਬ ਵਿਆਪਕ ਨਿਰੰਕਾਰ ਦੇ ਪੂਜਕ ਹੋਏ। ਇਹ ਗੱਲ ਉਨ੍ਹਾਂ ਦੀ ਬਾਣੀ ਤੋਂ ਸਪੱਸ਼ਟ ਹੁੰਦੀ ਹੈ। ਉਨ੍ਹਾਂ ਸ੍ਰੀ ਰਾਮਾਨੰਦ, ਕਬੀਰ, ਨਾਮਦੇਵ ਜੀ ਤੋਂ ਵੀ ਬ੍ਰਹਮ ਗਿਆਨ ਪ੍ਰਾਪਤ ਕੀਤਾ।

ਉਨ੍ਹਾਂ ਨੇ 42 ਸ਼ਬਦ ਲਿਖੇ ਜਿਨ੍ਹਾਂ ਵਿਚੋਂ ਤਿੰਨ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ। ਭਗਤ ਜੀ ਨੇ ਵਿਲੱਖਣ ਤੌਰ 'ਤੇ ਆਰਤੀ ਦੀ ਥਾਂ ਆਰਤਾ ਉਚਾਰਨ ਕੀਤਾ। ਗੋਪਾਲ ਤੇਰਾ ਆਰਤਾ ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥ ਉਨ੍ਹਾਂ ਦੇ ਦ੍ਰਿੜ੍ਹ ਇਰਾਦੇ ਨੇ ਸਿੱਧ ਕਰ ਦਿੱਤਾ ਕਿ ਮਨੁੱਖ ਭਗਤੀ ਭਾਵਨਾ ਨਾਲ ਹਰ ਮੰਜ਼ਿਲ ਪ੍ਰਾਪਤ ਕਰ ਸਕਦਾ ਹੈ।

ਪਾਖੰਡ, ਵਹਿਮਾਂ-ਭਰਮਾਂ ਨਾਲ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ। ਪ੍ਰਮਾਤਮਾ ਦੇ ਮੇਲ ਲਈ ਆਤਮਿਕ ਗਿਆਨ ਦੀ ਲੋੜ ਹੈ ਨਾ ਕਿ ਮੂਰਤੀ ਪੂਜਾ ਦੀ। ਇਨ੍ਹਾਂ ਨੇ ਕਿਰਤ ਕਰਦਿਆਂ ਹੀ ਮੰਜ਼ਿਲ ਪ੍ਰਾਪਤ ਕੀਤੀ।

**ਜਸਬੀਰ ਸਿੰਘ ਨੂਰਪੁਰ**

## ਬੱਚੇ ਸੰਭਾਲ ਲਵੋ ਸਿੱਖੀ ਸੰਭਾਲੀ ਜਾਵੇਗੀ-ਭਾਈ ਗੁਰਇਕਬਾਲ ਸਿੰਘ

ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਗੁਰਗੱਦੀ ਦਿਵਸ ਦੇ ਅਵਸਰ 'ਤੇ ਮਾਤਾ ਕੌਲਾਂ ਜੀ ਟਕਸਾਲ ਅੰਮ੍ਰਿਤਸਰ ਵੱਲੋਂ ਸਿੱਖ ਪਨੀਰੀ ਨੂੰ ਗੁਰੂ ਤੇ ਗੁਰਬਾਣੀ ਨਾਲ ਜੋੜਨ ਹਿਤ ਕੁਝ ਮਹੀਨੇ ਪਹਿਲਾਂ ਸਿੱਖ ਪੰਥ ਦੇ ਮਹਾਨ ਤੇ ਨਿਸ਼ਕਾਮ ਕੀਰਤਨੀਏ ਭਾਈ ਗੁਰਇਕਬਾਲ ਸਿੰਘ ਦੀ ਅਗਵਾਈ ਵਿਚ ਹਿੰਦੁਸਤਾਨ ਭਰ ਵਿਚ ਇਕ ਨਿਵੇਕਲਾ ਤੇ ਸਰਾਹੁਣਯੋਗ ਉਪਰਾਲਾ '300 ਸਾਲ ਗੁਰਬਾਣੀ ਕੰਠ ਦੇ ਨਾਲ' ਕੀਤਾ ਗਿਆ ਸੀ। ਇਸ ਉਪਰਾਲੇ ਵਿਚ ਦੇਸ਼ ਭਰ ਵਿਚੋਂ ਸਵਾ ਲੱਖ ਦੇ ਕਰੀਬ ਬੱਚਿਆਂ ਨੇ ਉਤਸ਼ਾਹ ਸਹਿਤ ਹਿੱਸਾ ਲਿਆ ਸੀ। ਸ਼ੁੱਧ ਤੇ ਜ਼ਬਾਨੀ ਪਾਠ ਸਰਵਣ ਕਰਾਉਣ ਵਾਲੇ ਬੱਚਿਆਂ ਨੂੰ ਮਾਤਾ ਕੌਲਾਂ ਜੀ ਟਕਸਾਲ ਤੇ ਸਹਿਯੋਗੀਆਂ ਵੱਲੋਂ 50 ਲੱਖ ਰੁਪਏ ਦੇ ਇਨਾਮ ਵੀ ਵੰਡੇ ਗਏ ਸਨ। '300 ਸਾਲ ਗੁਰਬਾਣੀ ਕੰਠ ਦੇ ਨਾਲ' ਉਪਰਾਲੇ ਵਿਚ ਦੇਸ਼ ਭਰ ਵਿਚੋਂ ਮਿਲੇ ਭਰਵੇਂ ਉਤਸ਼ਾਹ ਨੂੰ ਦੇਖਦੇ ਹੋਏ ਹੀ ਮਾਤਾ ਕੌਲਾਂ ਜੀ ਟਕਸਾਲ ਵੱਲੋਂ ਹੁਣ 20 ਤੋਂ 26 ਅਪ੍ਰੈਲ ਤੱਕ ਇਹ ਉਪਰਾਲਾ '300 ਸਾਲ ਗੁਰਬਾਣੀ ਕੰਠ ਦੇ ਨਾਲ-ਭਾਗ ਦੂਜਾ' ਦੇ ਸਿਰਲੇਖ ਹੇਠ ਮੁੜ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਭਾਈ ਗੁਰਇਕਬਾਲ ਸਿੰਘ ਨਾਲ ਇਸ 'ਅਜੀਤ ਪ੍ਰਤੀਨਿਧ' ਵੱਲੋਂ ਕੀਤੀ ਗਈ ਵਿਸ਼ੇਸ਼ ਮੁਲਾਕਾਤ ਦੇ ਕੁਝ ਅੰਸ਼ :



• ਭਾਈ ਸਾਹਿਬ '300 ਸਾਲ ਗੁਰਬਾਣੀ ਕੰਠ ਦੇ ਨਾਲ' ਉਪਰਾਲੇ ਬਾਰੇ ਦੱਸੋ।

-ਸਾਡੇ ਬੱਚੇ ਸਾਡੀ ਕੌਮ ਤੇ ਦੇਸ਼ ਦੇ ਭਵਿੱਖ ਦੇ ਵਾਰਸ ਹਨ ਪਰ ਅਫਸੋਸ ਦੀ ਗੱਲ ਹੈ ਕਿ ਅਸੀਂ ਅਜੋਕੀ ਬੇਲੋੜੀ ਦੌੜ-ਭੱਜ ਤੇ ਦਿਨ-ਰਾਤ ਸਿਰਫ ਪੈਸੇ ਕਮਾਉਣ ਦੀ ਪ੍ਰਵਿਰਤੀ ਕਾਰਨ ਆਪਣੇ ਬੱਚਿਆਂ ਵੱਲ ਬਣਦੀ ਤਵੱਜੋਂ ਨਹੀਂ ਦੇ ਪਾ ਰਹੇ, ਜਿਸ ਕਾਰਨ ਸਾਡੀ ਨਵੀਂ ਸਿੱਖ ਪੀੜ੍ਹੀ ਪੱਛਮੀ ਰੰਗ-ਢੰਗ ਨੂੰ ਅਪਣਾਉਂਦਿਆਂ ਪਤਿਤਪੁਣੇ ਤੇ ਨਸ਼ਿਆਂ ਦਾ ਸ਼ਿਕਾਰ ਹੋਣ ਦੇ ਨਾਲ-ਨਾਲ ਧਰਮ ਤੋਂ ਬੇਮੁੱਖ ਹੁੰਦੀ ਜਾ ਰਹੀ ਹੈ। ਇਸ ਸਿੱਖ ਨੌਜਵਾਨ ਪੀੜ੍ਹੀ ਨੂੰ ਗੁਰੂ ਤੇ ਗੁਰਬਾਣੀ ਨਾਲ ਜੋੜਨ ਤੇ ਉਨ੍ਹਾਂ ਨੂੰ ਰੋਜ਼ਾਨਾ ਪਾਠ ਕਰਨ ਦੀ ਪ੍ਰੇਰਨਾ ਦੇਣ ਲਈ ਮਾਤਾ ਕੌਲਾਂ ਜੀ ਟਕਸਾਲ ਵੱਲੋਂ ਇਹ ਨਿਮਾਣਾ ਜਿਹਾ ਨਿਸ਼ਕਾਮ ਉਪਰਾਲਾ ਦਸੰਬਰ 2008 ਵਿਚ ਆਰੰਭ ਕੀਤਾ ਗਿਆ ਸੀ।

• ਇਸ ਗੁਰਬਾਣੀ ਕੰਠ ਉਪਰਾਲੇ ਵਿਚ ਕਿੰਨੇ ਸਾਲ ਦੀ ਉਮਰ ਦੇ ਬੱਚੇ ਜਾਂ ਨੌਜਵਾਨ ਭਾਗ ਲੈ ਸਕਦੇ ਹਨ ਤੇ ਉਨ੍ਹਾਂ ਨੂੰ ਕਿਹੜਾ ਪਾਠ ਜ਼ਬਾਨੀ ਸੁਣਾਉਣਾ ਹੋਵੇਗਾ। -ਇਸ ਗੁਰਬਾਣੀ ਕੰਠ ਉਪਰਾਲੇ ਵਿਚ 9 ਸਾਲ ਦੇ ਬੱਚੇ ਤੋਂ ਲੈ ਕੇ 18 ਸਾਲ ਤੱਕ ਦੇ ਨੌਜਵਾਨ ਭਾਗ ਲੈ ਸਕਦੇ ਹਨ। 9 ਸਾਲ ਤੱਕ ਦੇ ਛੋਟੇ ਬੱਚੇ ਸ੍ਰੀ ਜਪੁਜੀ ਸਾਹਿਬ ਦੀਆਂ ਪਹਿਲੀਆਂ 20 ਪਉੜੀਆਂ ਸੁਣਾ ਕੇ ਨੀਲੇ ਰੰਗ ਦਾ ਇਨਾਮੀ ਕੂਪਨ ਪ੍ਰਾਪਤ ਕਰਨਗੇ। 9 ਤੋਂ 13 ਸਾਲ ਦੇ ਬੱਚੇ ਸ੍ਰੀ ਜਪੁਜੀ ਸਾਹਿਬ ਅਤੇ ਸ੍ਰੀ ਚੌਪਈ ਸਾਹਿਬ ਦਾ ਪਾਠ ਸੁਣਾ ਕੇ ਹਰੇ ਰੰਗ ਦਾ ਇਨਾਮੀ ਕੂਪਨ ਅਤੇ 13 ਤੋਂ 18 ਸਾਲ ਦੇ ਬੱਚੇ ਸ੍ਰੀ ਜਪੁਜੀ ਸਾਹਿਬ, ਸ੍ਰੀ ਰਹਰਾਸਿ ਸਾਹਿਬ, ਸ੍ਰੀ ਸੋਹਿਲਾ ਸਾਹਿਬ ਅਤੇ ਅਰਦਾਸ ਜ਼ਬਾਨੀ ਸੁਣਾ ਕੇ ਲਾਲ ਰੰਗ ਦਾ ਇਨਾਮੀ ਕੂਪਨ ਪ੍ਰਾਪਤ ਕਰਨਗੇ।

• ਕੀ ਇਸ ਗੁਰਬਾਣੀ ਕੰਠ ਉਪਰਾਲੇ ਵਿਚ ਕੇਵਲ ਸਿੱਖ ਬੱਚੇ ਹੀ ਭਾਗ ਲੈ ਸਕਦੇ ਹਨ ? -ਨਹੀਂ, ਇਹੋ ਜਿਹੀ ਕੋਈ ਗੱਲ ਨਹੀਂ। ਇਸ ਉਪਰਾਲੇ ਵਿਚ ਹਰ ਧਰਮ ਦਾ ਬੱਚਾ ਭਾਗ ਲੈ ਸਕਦਾ ਹੈ।

• ਇਸ ਉਪਰਾਲੇ ਵਿਚ ਭਾਗ ਲੈਣ ਵਾਲੇ ਬੱਚੇ ਪਾਠ ਕਿਥੇ-ਕਿਥੇ ਸੁਣਾ ਸਕਣਗੇ।?

-ਬੱਚਿਆਂ, ਉਨ੍ਹਾਂ ਦੇ ਮਾਪਿਆਂ ਤੇ ਸਕੂਲ ਪ੍ਰਬੰਧਕਾਂ ਦੀ ਸਹੂਲਤ ਲਈ ਇਸ ਵਾਰ 20 ਤੋਂ 24 ਅਪ੍ਰੈਲ ਦੌਰਾਨ ਮਾਤਾ ਕੌਲਾਂ ਜੀ ਟਕਸਾਲ ਦੀਆਂ ਵਿਸ਼ੇਸ਼ ਟੀਮਾਂ ਸਕੂਲਾਂ ਵਿਚ ਜਾ ਕੇ ਬੱਚਿਆਂ ਤੋਂ ਪਾਠ ਸਰਵਣ ਕਰਨਗੀਆਂ ਤੇ 25 ਅਤੇ 26 ਅਪ੍ਰੈਲ ਨੂੰ ਬੱਚੇ ਤੇ ਨੌਜਵਾਨ ਹਿੰਦੁਸਤਾਨ ਭਰ ਵਿਚ ਵਿਸ਼ੇਸ਼ ਤੌਰ 'ਤੇ ਬਣਾਏ ਗਏ 250 ਜ਼ੋਨਾਂ 'ਤੇ ਪਾਠ ਸੁਣਾ ਸਕਣਗੇ। ਇਹ ਡਰਾਅ 3 ਮਈ ਨੂੰ ਮਾਤਾ ਕੌਲਾਂ ਜੀ ਭਲਾਈ ਕੇਂਦਰ ਤਰਨ ਤਾਰਨ ਰੋਡ ਅੰਮ੍ਰਿਤਸਰ ਵਿਖੇ ਇਕ ਵੱਡੇ ਸਮਾਗਮ ਦੌਰਾਨ ਕੱਢੇ ਜਾਣਗੇ ਤੇ ਇਸ ਸਮਾਗਮ ਦਾ ਟੀ. ਵੀ. ਚੈਨਲਾਂ ਤੋ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ।

• ਕਿੰਨੇ ਤੇ ਕੀ-ਕੀ ਇਨਾਮ ਦਿੱਤੇ ਜਾ ਰਹੇ ਹਨ ?

-ਇਸ ਵਾਰ 1 ਕਰੋੜ 13 ਲੱਖ ਰੁਪਏ ਦੇ 39 ਵੱਡੇ ਇਨਾਮ, ਜਿਨ੍ਹਾਂ ਵਿਚ 3 ਆਲਟੋ ਕਾਰਾਂ, 6 ਐਕਟਿਵਾ ਸਕੂਟਰ, 15 ਕੰਪਿਊਟਰ, 6 ਲੈਪਟਾਪ, 9 ਬੱਚਿਆਂ ਦੀ 5 ਸਾਲ ਤੱਕ ਦੀ ਮੁਫਤ ਪੜ੍ਹਾਈ, ਇਕ ਹਜ਼ਾਰ ਮੋਬਾਈਲ ਫੋਨ, 5 ਹਜ਼ਾਰ ਘੜੀਆਂ ਆਦਿ ਤੋਂ ਇਲਾਵਾ ਇਕ ਛੋਟਾ ਇਨਾਮ ਕੂਪਨ ਪ੍ਰਾਪਤ ਕਰਨ ਵਾਲੇ ਹਰ ਬੱਚੇ ਨੂੰ ਜ਼ਰੂਰ ਦਿੱਤਾ ਜਾਵੇਗਾ।

• ਇਸ ਵਾਰ ਕਿੰਨੇ ਕੁ ਬੱਚਿਆਂ ਦੇ ਭਾਗ ਲੈਣ ਦੀ ਉਮੀਦ ਹੈ ?

-ਪਿਛਲੀ ਵਾਰ 1 ਲੱਖ 27 ਹਜ਼ਾਰ 900 ਬੱਚਿਆਂ ਨੇ ਭਾਗ ਲਿਆ ਸੀ ਪਰ ਇਸ ਵਾਰ ਮਾਤਾ ਕੌਲਾਂ ਜੀ ਟਕਸਾਲ ਦੇ ਮੁੱਖ ਦਫਤਰ ਵਿਚ ਪੁੱਜ ਰਹੀਆਂ ਰਿਪੋਰਟਾਂ ਅਨੁਸਾਰ 8 ਲੱਖ ਬੱਚਿਆਂ ਦੇ ਭਾਗ ਲੈਣ ਦੀ ਉਮੀਦ ਹੈ। ਇਕ ਗੱਲ ਹੋਰ ਕਿ ਜਿਹੜੇ ਬੱਚਿਆਂ ਨੂੰ ਨਿਰਧਾਰਤ ਬਾਣੀਆਂ ਤੋਂ ਵਧੇਰੇ ਬਾਣੀਆਂ ਕੰਠ ਹੋਣਗੀਆਂ, ਉਨ੍ਹਾਂ ਨੂੰ 'ਛੋਟੀ ਉਮਰੇ ਵੱਡੇ ਕਾਜ' ਸੋਨੇ ਦੇ ਮੈਡਲਾਂ ਨਾਲ ਵੀ ਸਨਮਾਨਿਤ ਕੀਤਾ ਜਾਵੇਗਾ।

• ਬੱਚਿਆਂ ਦੇ ਮਾਪਿਆਂ ਲਈ ਕੋਈ ਸੁਨੇਹਾ ਕੋਈ ਪ੍ਰੇਰਨਾ ?

-ਬੱਚੇ ਸੰਭਾਲ ਲਵੋ, ਸਿੱਖੀ ਸੰਭਾਲੀ ਜਾਵੇਗੀ।

**-ਜਸਵੰਤ ਸਿੰਘ ਜੱਸ**

# ਪ੍ਰਿਯੰਕਾ ਗਾਂਧੀ ਤੇ ਮਨੀਸ਼ ਤਿਵਾੜੀ ਨੂੰ ਮਿਲ ਸਕਦੀ ਹੈ ਸਾਂਝੀ ਸੰਸਦੀ ਕਮੇਟੀ 'ਚ ਥਾਂ

## ਭਾਜਪਾ ਵੱਲੋਂ ਰਵੀਸ਼ੰਕਰ ਪ੍ਰਸਾਦ ਤੇ ਅਨੁਰਾਗ ਠਾਕੁਰ ਦੇ ਨਾਵਾਂ 'ਤੇ ਵਿਚਾਰ

**ਨਵੀਂ ਦਿੱਲੀ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਕੋ ਵੇਲੇ ਲੋਕ ਸਭਾ ਤੇ ਸੂਬਾਈ ਅਸੈਂਬਲੀਆਂ ਦੀਆਂ ਚੋਣਾਂ ਕਰਵਾਉਣ ਨਾਲ ਸਬੰਧਤ ਦੋ ਸੰਵਿਧਾਨਕ ਸੋਧ ਬਿੱਲਾਂ ਦੀ ਪੜਚੋਲ ਕਰਨ ਵਾਲੀ ਸਾਂਝੀ ਸੰਸਦੀ ਕਮੇਟੀ(ਜੇਪੀਸੀ) ਵਿਚ ਕਾਂਗਰਸ ਦੀ ਪ੍ਰਿਯੰਕਾ ਗਾਂਧੀ ਤੇ ਮਨੀਸ਼ ਤਿਵਾੜੀ ਮੈਂਬਰ ਵਜੋਂ ਸ਼ਾਮਲ ਹੋਣਗੇ। ਸੂਤਰਾਂ ਨੇ ਕਿਹਾ ਕਿ ਤ੍ਰਿਣਮੂਲ ਕਾਂਗਰਸ ਦੇ ਕਲਿਆਣ ਬੈਨਰਜੀ ਤੇ ਡੀਐੱਮਕੇ ਦੇ ਪੀ. ਵਿਲਸਨ ਨੂੰ ਵੀ ਮੈਂਬਰ ਵਜੋਂ ਸ਼ਾਮਲ ਕੀਤੇ ਜਾਣ ਦੇ ਆਸਾਰ ਹਨ। ਉਂਝ ਭਾਜਪਾ, ਜਿਸ ਦੇ ਜੇਪੀਸੀ ਵਿਚ ਸਭ ਤੋਂ ਵੱਧ ਮੈਂਬਰ ਹੋਣਗੇ, ਨੇ ਮੈਂਬਰਾਂ ਨੂੰ ਲੈ ਕੇ ਚੁੱਪ ਵੱਟੀ ਹੋਈ ਹੈ। ਸੂਤਰਾਂ ਦੀ



ਮੰਨੀਏ ਤਾਂ ਪਾਰਟੀ ਆਪਣੇ ਤਜਰਬੇਕਾਰ ਆਗੂਆਂ ਰਵੀਸ਼ੰਕਰ ਪ੍ਰਸਾਦ ਤੇ ਅਨੁਰਾਗ ਠਾਕੁਰ ਦੇ ਨਾਵਾਂ 'ਤੇ ਵਿਚਾਰ ਕਰ ਰਹੀ ਹੈ। ਭਾਜਪਾ ਦੇ ਇਕ ਹੋਰ ਅਹਿਮ ਭਾਈਵਾਲੇ ਸ਼ਿਵ ਸੈਨਾ ਦੇ ਸ਼੍ਰੀਕਾਂਤ ਸ਼ਿੰਦੇ ਤੇ ਜੇਡੀਯੂ ਦੇ ਸੰਜੈ ਝਾਅ ਵੀ ਸਾਂਝੀ ਸੰਸਦੀ ਕਮੇਟੀ ਦੇ ਮੈਂਬਰ ਹੋ ਸਕਦੇ ਹਨ। ਸੂਤਰਾਂ ਮੁਤਾਬਕ ਜੇਪੀਸੀ ਵਿਚ 21 ਮੈਂਬਰ (ਐੱਮਪੀ'ਜ਼) ਲੋਕ ਸਭਾ ਤੋਂ ਅਤੇ 10 ਮੈਂਬਰ ਰਾਜ ਸਭਾ ਤੋਂ ਹੋਣਗੇ।

ਉਂਝ ਜ਼ਿਆਦਾਤਰ ਪਾਰਟੀਆਂ ਨੇ ਜੇਪੀਸੀ ਲਈ ਆਪੋ-ਆਪਣੇ ਨਾਮ ਦੇ ਦਿੱਤੇ ਹਨ। ਸਰਕਾਰ ਉਪਰੋਕਤ ਦੋ ਬਿੱਲਾਂ ਨੂੰ ਸਾਂਝੀ ਸੰਸਦੀ ਕਮੇਟੀ ਕੋਲ ਭੇਜਣ ਬਾਰੇ ਜਲਦੀ ਹੀ ਲੋਕ ਸਭਾ ਵਿਚ ਮਤਾ ਪੇਸ਼ ਕਰੇਗੀ। ਸੁਖਦੇਵ ਭਗਤ ਅਤੇ ਰਣਦੀਪ ਸੁਰਜੇਵਾਲਾ ਸੰਸਦ ਦੀ ਸਾਂਝੀ ਕਮੇਟੀ ਲਈ ਕਾਂਗਰਸ ਦੇ ਹੋਰ ਵਿਕਲਪ ਹਨ। ਟੀਐੱਮਸੀ ਦੇ ਸਾਕੇਤ ਗੋਖਲੇ ਅਤੇ ਡੀਐਮਕੇ ਦੇ ਟੀਐਮ ਸੇਲਵਾਗਨਪਤੀ ਦੇ ਵੀ ਪੈਨਲ ਦਾ ਹਿੱਸਾ ਬਣਨ ਦੀ ਉਮੀਦ ਹੈ।

# ਧਾਮੀ ਨੇ ਸ਼੍ਰੋਮਣੀ ਕਮੇਟੀ ਦਾ ਨਿਰਾਦਰ ਕੀਤਾ, ਛੱਡਿਆ ਨਹੀਂ ਜਾ ਸਕਦਾ: ਬੀਬੀ ਜਗੀਰ ਕੌਰ



**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਆਪਣੇ ਖਿਲਾਫ਼ ਕੀਤੀਆਂ ਕਥਿਤ ਅਪਮਾਨਜਨਕ ਟਿੱਪਣੀਆਂ ਲਈ ਐੱਸਜੀਪੀਸੀ ਦੇ ਮੌਜੂਦਾ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਕੌਰ ਨੇ ਕਿਹਾ ਕਿ ਧਾਮੀ ਨੇ ਸ਼੍ਰੋਮਣੀ ਕਮੇਟੀ (ਦੇ ਅਹੁਦੇ) ਦਾ ਨਿਰਾਦਰ ਕੀਤਾ ਹੈ, ਜਿਸ ਲਈ ਉਸ ਨੂੰ ਅਜਾਈਂ ਨਹੀਂ ਜਾਣ ਦਿੱਤਾ ਜਾ ਸਕਦਾ। ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਬੀਬੀ ਜਗੀਰ ਕੌਰ ਦਾ ਪੱਖ ਸੁਣਨ ਲਈ ਅੱਜ ਉਨ੍ਹਾਂ ਨੂੰ ਬੁਲਾਇਆ ਸੀ। ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਕਿਹਾ ਕਿ ਉਹ ਕਾਨੂੰਨੀ ਸਲਾਹ ਮਸ਼ਵਰਾ ਲੈਣ ਮਗਰੋਂ ਇਸ ਮਾਮਲੇ ਵਿਚ ਲੋੜੀਂਦੀ ਬਣਦੀ ਕਾਰਵਾਈ ਕਰਨਗੇ। ਕਾਬਿਲੇਗੌਰ ਹੈ ਕਿ ਧਾਮੀ ਨੇ ਇਕ ਪੱਤਰਕਾਰ ਨਾਲ ਟੈਲੀਫੋਨ ਉੱਤੇ ਗੱਲਬਾਤ ਦੌਰਾਨ ਬੀਬੀ ਜਗੀਰ ਕੌਰ ਨੂੰ ਨਿਸ਼ਾਨਾ ਬਣਾਉਂਦਿਆਂ ਉਨ੍ਹਾਂ ਬਾਰੇ ਕਥਿਤ ਮਾੜਾ ਚੰਗਾ ਬੋਲਿਆ ਸੀ।

ਬੀਬੀ ਜਗੀਰ ਕੌਰ ਨੇ ਅੱਜ ਕਮਿਸ਼ਨ ਅੱਗੇ ਪੇਸ਼ ਹੋਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਪਣੇ ਖਿਲਾਫ਼ ਬੋਲੇ ਅਪਸ਼ਬਦਾਂ ਲਈ ਧਾਮੀ ਨੂੰ ਭੰਡਿਆ। ਕੌਰ ਨੇ ਕਿਹਾ ਕਿ ਧਾਮੀ, ਜੋ ਸ਼ਾਨਾਮੱਤੀ ਇਤਿਹਾਸ ਵਾਲੇ ਇਕ ਅਹੁਦੇ 'ਤੇ ਬੈਠੇ ਹਨ, ਦੀਆਂ ਇਨ੍ਹਾਂ ਟਿੱਪਣੀਆਂ ਨਾਲ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਸੱਟ ਵੱਜੀ ਹੈ। ਉਨ੍ਹਾਂ ਕਿਹਾ, "ਜੇ ਕੋਈ ਵਿਅਕਤੀ ਜੋ ਖ਼ੁਦ ਨੂੰ ਬੁੱਧੀਮਾਨ ਅਖਵਾਉਂਦਾ ਹੈ ਅਤੇ ਅਜਿਹੀ ਕੁਰਸੀ 'ਤੇ ਬੈਠਾ ਹੈ, ਜਿਸ ਦਾ ਗੌਰਵਮਈ ਇਤਿਹਾਸ ਹੈ, ਅਤੇ ਅਜਿਹੀ ਭਾਸ਼ਾ ਬੋਲਦਾ ਹੈ, ਤਾਂ ਮਨੁੱਖਤਾ ਅਤੇ ਸਿੱਖ ਕੌਮ ਨੂੰ ਕਿੰਨਾ ਦੁੱਖ ਪਹੁੰਚਿਆ ਹੋਵੇਗਾ। ਲੋਕਾਂ ਨੇ ਮਹਿਸੂਸ ਕੀਤਾ ਹੈ ਕਿ ਇਹ ਬਹੁਤ ਵੱਡਾ ਨਿਰਾਦਰ ਹੈ। ਮੈਨੂੰ ਬਹੁਤ ਦੁੱਖ ਹੈ ਕਿ ਅਹੁਦੇ (ਐੱਸਜੀਪੀਸੀ ਪ੍ਰਧਾਨ ਦੇ ਅਹੁਦੇ) ਦਾ ਅਪਮਾਨ ਹੋਇਆ ਹੈ। ਇਤਿਹਾਸ ਵਿੱਚ ਪਹਿਲੀ ਵਾਰ ਹੈ ਜਦੋਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਅਪਮਾਨਜਨਕ ਟਿੱਪਣੀ ਕਰਨ ਬਦਲੇ ਮਹਿਲਾ ਕਮਿਸ਼ਨ ਅੱਗੇ ਪੇਸ਼ ਹੋਇਆ ਹੈ।"

## ਡਿਪਟੀ ਕਮਿਸ਼ਨਰ ਵੱਲੋਂ ਨਗਰ ਨਿਗਮ, ਨਗਰ ਕੌਂਸਲ ਤੇ ਨਗਰ ਪੰਚਾਇਤਾਂ ਚੋਣਾਂ ਲਈ ਚੋਣ ਅਮਲੇ ਦੀ ਦੂਜੀ ਰਿਹਰਸਲ ਦਾ ਨਿਰੀਖਣ

# ਚੋਣ ਅਮਲਾ ਨਿਰਪੱਖ ਰਹਿ ਕੇ ਪਾਰਦਰਸ਼ੀ ਢੰਗ ਨਾਲ ਪੁਆਏ ਵੋਟਾਂ: ਡਾ. ਪ੍ਰੀਤੀ ਯਾਦਵ



ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਚੋਣ ਅਮਲੇ ਦੀ ਰਿਹਰਸਲ ਦਾ ਜਾਇਜ਼ਾ ਲੈਂਦੇ ਹੋਏ। ਨਾਲ ਨਜ਼ਰ ਆ ਰਹੇ ਹਨ ਸਹਾਇਕ ਕਮਿਸ਼ਨਰ ਰਿਚਾ ਗੋਇਲ।

**ਪਟਿਆਲਾ, 19 ਦਸੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

21 ਦਸੰਬਰ ਨੂੰ ਹੋਣ ਵਾਲੀਆਂ ਨਗਰ ਨਿਗਮ ਦੀਆਂ 45 ਵਾਰਡਾਂ ਸਮੇਤ ਨਗਰ ਪੰਚਾਇਤ ਭਾਦਸੋਂ ਤੇ ਘੱਗਾ ਦੀਆਂ ਆਮ ਚੋਣਾਂ ਅਤੇ ਨਗਰ ਕੌਂਸਲ ਰਾਜਪੁਰਾ, ਨਾਭਾ ਤੇ ਪਾਤੜਾਂ ਦੀ ਇੱਕ-ਇੱਕ ਵਾਰ ਦੀਆਂ ਉਪ ਚੋਣਾਂ ਲਈ ਤਾਇਨਾਤ ਕੀਤੇ ਗਏ ਚੋਣ ਅਮਲੇ ਦੀ ਵੋਟਾਂ ਪਾਉਣ ਸਬੰਧੀ ਰਿਟਰਨਿੰਗ ਅਧਿਕਾਰੀਆਂ ਵੱਲੋਂ ਦੂਜੀ ਰਿਹਰਸਲ ਕਰਵਾਈ ਗਈ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਇਸ ਰਿਹਰਸਲ ਦਾ ਜਾਇਜ਼ਾ ਲੈਂਦਿਆਂ ਚੋਣ ਅਮਲੇ ਨੂੰ ਵੋਟਾਂ ਪੁਆਉਣ ਦਾ ਕਾਰਜ ਪਾਰਦਰਸ਼ਤੀ ਢੰਗ ਨਾਲ ਨਿਰਪੱਖ ਰਹਿ ਕੇ ਪੂਰੀ ਜ਼ਿੰਮੇਵਾਰ ਨਾਲ ਨਿਭਾਉਣ ਦੇ ਨਿਰਦੇਸ਼ ਦਿੱਤੇ।

ਡਾ. ਪ੍ਰੀਤੀ ਯਾਦਵ ਨੇ ਇੱਥੇ ਸਰਕਾਰੀ ਬਿਕਰਮ ਕਾਲਜ ਵਿਖੇ ਵਾਰਡ ਨੰਬਰ 30 ਤੋਂ 45 ਲਈ ਰਿਟਰਨਿੰਗ ਅਫ਼ਸਰ ਤੇ ਸਹਾਇਕ ਕਮਿਸ਼ਨਰ (ਜ) ਰਿਚਾ ਗੋਇਲ ਦੀ ਅਗਵਾਈ ਹੇਠ ਕਰਵਾਈ ਗਈ ਰਿਹਰਸਲ ਦਾ ਜਾਇਜ਼ਾ ਲਿਆ ਅਤੇ ਚੋਣ ਅਮਲੇ ਨੂੰ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾਂ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਕਮਿਸ਼ਨ ਦੇ ਨਿਰਦੇਸ਼ਾਂ ਮੁਤਾਬਕ ਸਮੁੱਚੀ ਚੋਣ ਪ੍ਰਕਿਰਿਆ ਪੂਰੀ ਤਰ੍ਹਾਂ ਸੁਤੰਤਰ, ਨਿਰਪੱਖ, ਸੁਚਾਰੂ, ਨਿਰਵਿਘਨ ਅਤੇ ਆਜ਼ਾਦਾਨਾ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਚਨਬੱਧ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਆਖਰੀ ਰਿਹਰਸਲ 19 ਦਸੰਬਰ ਨੂੰ ਹੋਵੇਗੀ ਅਤੇ ਸਾਰੀਆਂ ਪੋਲਿੰਗ ਪਾਰਟੀਆਂ 20 ਦਸੰਬਰ ਨੂੰ ਨਿਰਧਾਰਤ ਕੀਤੇ ਜਾਣ ਵਾਲੇ ਪੋਲਿੰਗ ਸਟੇਸ਼ਨਾਂ ਲਈ ਰਵਾਨਾ ਕੀਤੀ ਜਾਣਗੀਆਂ ਅਤੇ ਇਸੇ ਦਿਨ ਇਨ੍ਹਾਂ ਦੇ ਪੋਲਿੰਗ ਬੂਥ ਅਲਾਟ ਕੀਤੇ ਜਾਣਗੇ।

ਇਸੇ ਦੌਰਾਨ ਨਗਰ ਨਿਗਮ ਪਟਿਆਲਾ ਦੀ ਵਾਰਡ ਨੰਬਰ 1 ਤੋਂ 14 ਤੱਕ ਲਈ ਰਿਟਰਨਿੰਗ ਅਫ਼ਸਰ-ਕਮ-ਆਰ.ਟੀ.ਓ. ਨਮਨ ਮਾਰਕੰਨ ਸਮੇਤ ਵਾਰਡ 15 ਤੋਂ 29 ਲਈ ਰਿਟਰਨਿੰਗ ਅਫ਼ਸਰ ਤੇ ਐਸ.ਡੀ.ਐਮ. ਪਟਿਆਲਾ ਮਨਜੀਤ ਕੌਰ ਤੇ ਵਾਰਡ ਨੰਬਰ 46 ਤੋਂ 60 ਲਈ ਰਿਟਰਨਿੰਗ ਅਫ਼ਸਰ ਤੇ ਐਸ.ਡੀ.ਐਮ. ਨਾਭਾ ਡਾ. ਇਸਮਤ ਵਿਜੇ ਸਿੰਘ ਨੇ ਵੀ ਆਪਣੇ ਚੋਣ ਅਮਲੇ ਨੂੰ ਰਿਹਰਸਲ ਕਰਵਾਈ।

ਨਗਰ ਪੰਚਾਇਤ ਭਾਦਸੋਂ ਲਈ ਜ਼ਿਲ੍ਹਾ ਮਾਲ ਅਫ਼ਸਰ ਪਟਿਆਲਾ ਨਵਦੀਪ ਸਿੰਘ, ਨਗਰ ਪੰਚਾਇਤ ਘੱਗਾ ਲਈ ਰਿਟਰਨਿੰਗ ਅਫ਼ਸਰ ਐਸ.ਡੀ.ਐਮ. ਸਮਾਣਾ ਤਰਸੇਮ ਚੰਦ, ਨਗਰ ਕੌਂਸਲ ਪਾਤੜਾਂ ਦੀ ਇੱਕ ਵਾਰਡ ਦੇ ਰਿਟਰਨਿੰਗ ਅਫ਼ਸਰ ਐਸ.ਡੀ.ਐਮ. ਪਾਤੜਾਂ ਅਸ਼ੋਕ ਕੁਮਾਰ ਸਮੇਤ ਰਾਜਪੁਰਾ ਤੇ ਨਾਭਾ ਦੇ ਇੱਕ-ਇੱਕ ਵਾਰਡ ਦੀ ਚੋਣ ਲਈ ਵੀ ਚੋਣ ਅਮਲੇ ਦੀ ਪਹਿਲੀ ਰਿਹਰਸਲ ਕਰਵਾਈ ਗਈ।

# ਪੰਜਾਬ ਵਿਚ ਕਿਸਾਨਾਂ ਵੱਲੋਂ ਤਿੰਨ ਘੰਟਿਆਂ ਲਈ 'ਰੇਲ ਰੋਕੋ' ਪ੍ਰਦਰਸ਼ਨ

# ਕਿਸਾਨਾਂ ਨੇ ਪੰਜਾਬ ਵਿਚ 18 ਥਾਵਾਂ 'ਤੇ ਰੇਲਵੇ ਟਰੈਕ ਜਾਮ ਕੀਤੇ

## ➢ਕਿਸਾਨਾਂ ਵੱਲੋਂ 30 ਨੂੰ 'ਪੰਜਾਬ ਬੰਦ' ਦਾ ਸੱਦਾ ➢'ਰੇਲ ਰੋਕੋ' ਦੀ ਸਫ਼ਲਤਾ ਮਗਰੋਂ ਕਿਸਾਨ ਆਗੂਆਂ ਨੇ ਲਿਆ ਫੈਸਲਾ

**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨਾਂ ਨੇ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਸਣੇ ਆਪਣੀਆਂ ਹੋਰਨਾਂ ਬਕਾਇਆ ਮੰਗਾਂ ਬਾਰੇ ਕੇਂਦਰ ਸਰਕਾਰ 'ਤੇ ਦਬਾਅ ਬਣਾਉਣ ਲਈ 'ਰੇਲ ਰੋਕੋ' ਪ੍ਰਦਰਸ਼ਨ ਤਹਿਤ ਪੰਜਾਬ ਦੇ ਵੱਖ ਵੱਖ ਹਿੱਸਿਆਂ (ਕਰੀਬ 18 ਥਾਵਾਂ ਉੱਤੇ) ਰੇਲਵੇ ਟਰੈਕ ਜਾਮ ਕਰ ਦਿੱਤੇ ਹਨ। ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਤੇ ਕਿਸਾਨ ਮਜ਼ਦੂਰ ਮੁਕਤੀ ਮੋਰਚਾ ਵੱਲੋ ਦਿੱਤੇ ਸੱਦੇ ਤਹਿਤ ਕਿਸਾਨ ਦੁਪਹਿਰੇ 12 ਵਜੇ ਤੋਂ ਸ਼ਾਮੀਂ 3 ਵਜੇ ਤੱਕ ਤਿੰਨ ਘੰਟਿਆਂ ਲਈ ਇਨ੍ਹਾਂ ਰੇਲ ਮਾਰਗਾਂ ਨੂੰ ਜਾਮ ਰੱਖਣਗੇ। ਕਿਸਾਨਾਂ ਵੱਲੋਂ ਜਿਨ੍ਹਾਂ ਥਾਵਾਂ 'ਤੇ ਰੇਲਾਂ ਰੋਕੀਆਂ ਜਾਣੀਆਂ ਹਨ, ਉਨ੍ਹਾਂ ਵਿਚ ਮੋਗਾ, ਫ਼ਰੀਦਕੋਟ, ਗੁਰਦਾਸਪੁਰ ਵਿਚ ਕਾਦੀਆਂ ਤੇ ਬਟਾਲਾ, ਜਲੰਧਰ ਵਿਚ ਫਿਲੌਰ, ਹੁਸ਼ਿਆਰਪੁਰ ਵਿਚ ਟਾਂਡਾ, ਦਸੂਹਾ, ਮਾਹਿਲਪੁਰ, ਫਿਰੋਜ਼ਪੁਰ ਵਿਚ ਤਲਵੰਡੀ ਭਾਈ, ਲੁਧਿਆਣਾ ਵਿਚ ਸਾਹਨੇਵਾਲ, ਪਟਿਆਲਾ ਵਿਚ ਸ਼ੰਭੂ, ਮੁਹਾਲੀ ਤੇ ਸੰਗਰੂਰ ਵਿਚ ਲਹਿਰਾ ਤੇ ਸੁਨਾਮ ਸ਼ਾਮਲ ਹਨ।



ਸੰਯੁਕਤ ਕਿਸਾਨ ਮੋਰਚਾ (ਗੈਰਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਦੇ ਬੈਨਰ ਹੇਠ ਕਿਸਾਨ 13 ਫਰਵਰੀ ਤੋਂ ਪੰਜਾਬ ਤੇ ਹਰਿਆਣਾ ਦੇ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਡੇਰੇ ਲਾਈ ਬੈਠੇ ਹਨ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਤੇ ਹੋਰਨਾਂ ਬਕਾਇਆ ਕਿਸਾਨੀ ਮੰਗਾਂ ਦੀ ਪੂਰਤੀ ਲਈ ਪਿਛਲੇ ਤਿੰਨ ਹਫ਼ਤਿਆਂ ਤੋਂ ਖਨੌਰੀ ਬਾਰਡਰ 'ਤੇ ਮਰਨ ਵਰਤ 'ਤੇ ਬੈਠੇ ਹਨ।

ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਸਣੇ ਹੋਰਨਾਂ ਕਿਸਾਨੀ ਮੰਗਾਂ ਦੀ ਪੂਰਤੀ ਲਈ 10 ਮਹੀਨਿਆਂ ਤੋਂ ਸ਼ੰਭੂ ਅਤੇ ਢਾਬੀ ਗੁੱਜਰਾਂ (ਖਨੌਰੀ) ਬਾਰਡਰਾਂ 'ਤੇ ਜਾਰੀ ਕਿਸਾਨ ਸੰਘਰਸ਼ ਦੀ ਅਗਵਾਈ ਕਰ ਰਹੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਨੇ ਅੱਜ ਪੰਜਾਬ ਭਰ ਵਿੱਚ ਰੇਲਾਂ ਦਾ ਚੱਕਾ ਜਾਮ ਕਰਨ ਦੇ ਦਿੱਤੇ ਗਏ ਸੱਦੇ ਦੀ ਸਫਲਤਾ ਤੋਂ ਬਾਅਦ ਹੁਣ ਅਗਲੇ ਐਕਸ਼ਨ ਵਜੋਂ 30 ਦਸੰਬਰ ਨੂੰ 'ਪੰਜਾਬ ਬੰਦ' ਦਾ ਸੱਦਾ ਦਿੱਤਾ ਹੈ। ਇਹ ਜਾਣਕਾਰੀ ਅੱਜ ਸ਼ੰਭੂ ਬਾਰਡਰ 'ਤੇ ਪ੍ਰੈੱਸ ਕਾਨਫਰੰਸ ਦੌਰਾਨ ਕਿਸਾਨ ਨੇਤਾ ਸੁਰਜੀਤ ਸਿੰਘ ਫੂਲ, ਜਸਵਿੰਦਰ ਸਿੰਘ ਲੌਂਗੋਵਾਲ, ਸੁਖਵਿੰਦਰ ਸਿੰਘ ਚੌਤਾਲਾ, ਅਸ਼ੋਕ ਬੁਲਾਰਾ, ਤੇਜਵੀਰ ਸਿੰਘ ਪੰਜੋਖਰਾ, ਗੁਰ ਅਮਨੀਤ ਸਿੰਘ ਮਾਂਗਟ, ਪਰਮਜੀਤ ਸਿੰਘ ਜੰਗ ਸਿੰਘ ਭਟੇੜੀ ਅਤੇ ਚਮਕੌਰ ਸਿੰਘ ਨੇ ਦਿੱਤੀ ਹੈ।

# ਕਿਸਾਨਾਂ ਦੀਆਂ ਮੰਗਾਂ ਤੇ ਸੁਝਾਵਾਂ ਲਈ ਸੁਪਰੀਮ ਕੋਰਟ ਦੇ ਦਰ ਹਮੇਸ਼ਾ ਖੁੱਲ੍ਹੇ

## ਸਰਬਉੱਚ ਕੋਰਟ ਨੇ ਡੱਲੇਵਾਲ ਦੀ ਵਿਗੜਦੀ ਸਿਹਤ 'ਤੇ ਫ਼ਿਕਰ ਜਤਾਇਆ; ਪੰਜਾਬ ਸਰਕਾਰ ਨੂੰ ਫੌਰੀ ਮੈਡੀਕਲ ਸਹਾਇਤਾ ਮੁਹੱਈਆ ਕਰਨ ਦੇ ਹੁਕਮ

**ਨਵੀਂ ਦਿੱਲੀ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਅੱਜ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਤੇ ਸੁਝਾਵਾਂ ਲਈ ਕੋਰਟ ਦੇ ਦਰ ਹਮੇਸ਼ਾ ਖੁੱਲ੍ਹੇ ਹਨ। ਜਸਟਿਸ ਸੂਰਿਆ ਕਾਂਤ ਤੇ ਜਸਟਿਸ ਉੱਜਲ ਭੂਈਆਂ ਦੇ ਬੈਂਚ ਨੇ ਕਿਹਾ ਕਿ ਕਿਸਾਨ ਸਿੱਧੇ ਜਾਂ ਫਿਰ ਆਪਣੇ ਅਧਿਕਾਰਤ ਨੁਮਾਇੰਦਿਆਂ ਰਾਹੀਂ ਸਾਡੇ ਤੱਕ ਪਹੁੰਚ ਕਰ ਸਕਦੇ ਹਨ। ਸੁਪਰੀਮ ਕੋਰਟ ਨੇ ਡੱਲੇਵਾਲ ਦੀ ਵਿਗੜਦੀ ਸਿਹਤ ਦਾ ਵੀ ਨੋਟਿਸ ਲਿਆ ਤੇ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਕਿ ਉਹ ਬਿਨਾਂ ਦੇਰੀ ਦੇ ਕਿਸਾਨ ਆਗੂ ਨੂੰ ਮੈਡੀਕਲ ਸਹਾਇਤਾ ਮੁਹੱਈਆ ਕਰੇ।



ਕਾਬਿਲੇਗੌਰ ਹੈ ਕਿ ਪੰਜਾਬ ਸਰਕਾਰ ਨੇ ਅੱਜ ਸਰਬਉੱਚ ਅਦਾਲਤ ਨੂੰ ਦੱਸਿਆ ਸੀ ਕਿ ਉਨ੍ਹਾਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ (ਜੋ ਪਿਛਲੇ 22 ਦਿਨਾਂ ਤੋਂ ਖਨੌਰੀ ਬਾਰਡਰ 'ਤੇ ਮਰਨ ਵਰਤ ਬੈਠੇ ਹਨ) ਤੇ ਹੋਰਨਾਂ ਕਿਸਾਨ ਆਗੂਆਂ ਨਾਲ ਬੈਠਕਾਂ ਕੀਤੀਆਂ ਹਨ, ਪਰ ਉਨ੍ਹਾਂ ਸੁਪਰੀਮ ਕੋਰਟ ਵੱਲੋਂ ਕਾਇਮ ਕੀਤੀ ਉੱਚ-ਤਾਕਤੀ ਕਮੇਟੀ ਨਾਲ ਗੱਲਬਾਤ ਤੋਂ ਨਾਂਹ ਕਰ ਦਿੱਤੀ ਹੈ। ਪੰਜਾਬ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਬੈਂਚ ਨੂੰ ਦੱਸਿਆ ਕਿ ਕਮੇਟੀ ਨੇ ਕਿਸਾਨਾਂ ਨੂੰ 17 ਦਸੰਬਰ ਨੂੰ ਗੱਲਬਾਤ ਦਾ ਸੱਦਾ ਦਿੱਤਾ ਸੀ, ਪਰ ਪ੍ਰਦਰਸ਼ਨਕਾਰੀ ਕਿਸਾਨਾਂ ਨੇ ਕੋਈ ਬੈਠਕ ਨਹੀਂ ਕੀਤੀ। ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਨਿਯਮਤ ਅਧਾਰ ਉੱਤੇ ਕਿਸਾਨਾਂ ਨੂੰ ਗੱਲਬਾਤ ਵਾਸਤੇ ਮਨਾ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਇਹ ਸੁਝਾਅ ਵੀ ਦਿੱਤਾ ਗਿਆ ਕਿ ਉਹ ਆਪਣੀਆਂ ਮੰਗਾਂ ਕੋਰਟ ਕੋਲ ਸਿੱਧੇ ਵੀ ਜਮ੍ਹਾਂ ਕਰਵਾ ਸਕਦੇ ਹਨ।

ਸੁਪਰੀਮ ਕੋਰਟ ਨੇ ਕਿਹਾ, "ਅਸੀਂ ਸਾਫ਼ ਕਰ ਦੇਣਾ ਚਾਹੁੰਦੇ ਹਾਂ ਕਿ ਕਿਸਾਨਾਂ ਦੀਆਂ ਮੰਗਾਂ ਜਾਂ ਕਿਸੇ ਵੀ ਸੁਝਾਅ ਲਈ ਕੋਰਟ ਦੇ ਦਰ ਹਮੇਸ਼ਾ ਖੁੱਲ੍ਹੇ ਹਨ। ਕਿਸਾਨ ਸਿੱਧੇ ਜਾਂ ਆਪਣੇ ਅਧਿਕਾਰਤ ਨੁਮਾਇੰਦੇ ਰਾਹੀਂ ਸਾਡੇ ਨਾਲ ਰਾਬਤਾ ਕਰ ਸਕਦੇ ਹਨ।" ਸੁਪਰੀਮ ਕੋਰਟ ਨੇ ਡੱਲੇਵਾਲ ਦੀ ਵਿਗੜਦੀ ਸਿਹਤ ਦਾ ਵੀ ਨੋਟਿਸ ਲਿਆ ਤੇ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਕਿ ਉਹ ਬਿਨਾਂ ਦੇਰੀ ਦੇ ਕਿਸਾਨ ਆਗੂ ਨੂੰ ਮੈਡੀਕਲ ਸਹਾਇਤਾ ਮੁਹੱਈਆ ਕਰੇ।

# ਮੁੱਖ ਮੰਤਰੀ ਮਾਨ ਨੇ ਅੰਮ੍ਰਿਤਸਰ ਵਿੱਚ ਕੀਤਾ ਚੋਣ ਪ੍ਰਚਾਰ, ਲੋਕਾਂ ਨੂੰ ਨਗਰ ਨਿਗਮ ਚੋਣਾਂ ਵਿੱਚ 'ਆਪ' ਦੇ ਨੁਮਾਇੰਦੇ ਚੁਣਨ ਦੀ ਕੀਤੀ ਅਪੀਲ



**ਅੰਮ੍ਰਿਤਸਰ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਅੰਮ੍ਰਿਤਸਰ 'ਚ ਹੋਣ ਵਾਲੀਆਂ ਨਗਰ ਨਿਗਮ ਚੋਣਾਂ ਲਈ 'ਆਪ' ਉਮੀਦਵਾਰਾਂ ਲਈ ਚੋਣ ਪ੍ਰਚਾਰ ਕੀਤਾ। ਅੰਮ੍ਰਿਤਸਰ ਵਿੱਚ ਇੱਕ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ, ਮੁੱਖ ਮੰਤਰੀ ਨੇ ਲੋਕਾਂ ਦੇ ਉਨ੍ਹਾਂ ਦੇ ਉਤਸ਼ਾਹੀ ਸਮਰਥਨ ਲਈ ਧੰਨਵਾਦ ਪ੍ਰਗਟਾਇਆ ਅਤੇ ਸ਼ਹਿਰ ਨੂੰ ਵਿਸ਼ਵ ਪੱਧਰੀ ਬਣਾਉਣ ਦਾ ਵਾਅਦਾ ਕੀਤਾ।

ਮੁੱਖ ਮੰਤਰੀ ਮਾਨ ਨੇ ਅੰਮ੍ਰਿਤਸਰ ਦੀ ਵਿਲੱਖਣ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਤਾ ਨੂੰ ਉਜਾਗਰ ਕਰਦਿਆਂ ਇਸ ਨੂੰ ਸ਼ਹੀਦਾਂ ਦੀ ਧਰਤੀ ਕਿਹਾ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਰ, ਜੱਲ੍ਹਿਆਂਵਾਲਾ ਬਾਗ ਅਤੇ ਵਾਹਗਾ ਬਾਰਡਰ ਵਰਗੇ ਇਤਿਹਾਸਕ ਸਥਾਨਾਂ ਨੂੰ ਦੇਖਣ ਲਈ ਦੇਸ਼-ਵਿਦੇਸ਼ ਤੋਂ ਹਰ ਸਾਲ ਲੱਖਾਂ ਲੋਕ ਆਉਂਦੇ ਹਨ। ਉਨ੍ਹਾਂ ਨੇ ਅੰਮ੍ਰਿਤਸਰ ਦੇ ਬੁਨਿਆਦੀ ਢਾਂਚੇ, ਆਰਥਿਕਤਾ ਅਤੇ ਸੈਰ ਸਪਾਟੇ ਦੀ ਸੰਭਾਵਨਾ ਨੂੰ ਵਧਾਉਣ ਲਈ 'ਆਪ' ਦੇ ਵਿਜ਼ਨ ਦੀ ਰੂਪ ਰੇਖਾ ਉਲੀਕੀ।

ਮੁੱਖ ਮੰਤਰੀ ਨੇ ਅੰਮ੍ਰਿਤਸਰ ਦੇ ਵਿਕਾਸ ਲਈ ਇੱਕ ਵਿਆਪਕ ਯੋਜਨਾ ਦੀ ਰੂਪ ਰੇਖਾ ਉਲੀਕੀ, ਜਿਸ ਵਿੱਚ ਇਲੈਕਟ੍ਰਿਕ ਬੱਸਾਂ, ਮਾਰਕੀਟ ਅਪਗਰੇਡ, ਭੂਮੀਗਤ ਕੇਬਲਿੰਗ, ਗੰਦੇ ਪਾਣੀ ਦੇ ਪ੍ਰਬੰਧਨ ਅਤੇ ਆਰਥਿਕ ਵਿਕਾਸ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਮਾਨ ਨੇ ਪ੍ਰਦੂਸ਼ਣ ਨੂੰ ਰੋਕਣ ਅਤੇ ਜਨਤਕ ਟਰਾਂਸਪੋਰਟ ਨੂੰ ਵਧਾਉਣ ਲਈ ਆਧੁਨਿਕ ਚਾਰਜਿੰਗ ਸਟੇਸ਼ਨਾਂ ਨਾਲ ਈਕੋ-ਫਰੈਂਡਲੀ ਇਲੈਕਟ੍ਰਿਕ ਬੱਸਾਂ ਦੀ ਸ਼ੁਰੂਆਤ 'ਤੇ ਵੀ ਜ਼ੋਰ ਦਿੱਤਾ।

ਉਨ੍ਹਾਂ ਨੇ ਪੁਰਾਣੇ ਬਜ਼ਾਰਾਂ ਦੀ ਕਾਇਆ ਕਲਪ ਕਰਨ ਅਤੇ ਭੀੜ-ਭੜਾਕੇ ਵਾਲੀਆਂ ਗਲੀਆਂ ਨੂੰ ਮੁੜ ਬਹਾਲ ਕਰਨ, ਓਵਰ ਹੈੱਡ ਤਾਰਾਂ ਨੂੰ ਭੂਮੀਗਤ ਕਰ ਕੇ ਸ਼ਹਿਰ ਨੂੰ ਸੁੰਦਰ ਬਣਾਉਣ ਅਤੇ ਵਾਤਾਵਰਨ ਨੂੰ ਬਿਹਤਰ ਬਣਾਉਣ ਲਈ ਅੰਮ੍ਰਿਤਸਰ-ਵਾਹਗਾ ਸੜਕ ਦੇ ਨਾਲ-ਨਾਲ ਪ੍ਰਦੂਸ਼ਿਤ ਡਰੇਨਾਂ ਦੀ ਸਫ਼ਾਈ ਕਰਨ ਦੀਆਂ ਯੋਜਨਾਵਾਂ ਨੂੰ ਵੀ ਉਜਾਗਰ ਕੀਤਾ। ਇਸ ਤੋਂ ਇਲਾਵਾ, ਉਨ੍ਹਾਂ ਨੇ ਜ਼ਿਆਦਾ ਤੋਂ ਜ਼ਿਆਦਾ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਲਈ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਤਾਂ ਜੋ ਸਥਾਨਕ ਕਾਰੋਬਾਰਾਂ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਮਿਲ ਸਕੇ।

ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਹਿਰ ਵਾਸੀਆਂ ਨੂੰ ਨਗਰ ਨਿਗਮ ਚੋਣਾਂ 'ਚ 'ਆਪ' ਦੇ ਉਮੀਦਵਾਰਾਂ ਨੂੰ ਵੋਟ ਦੇਣ ਦੀ ਅਪੀਲ ਕਰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਥਾਨਕ ਸ਼ਾਸਨ(ਨਗਰ ਨਿਗਮ) ਦਾ ਸਿੱਧਾ ਅਸਰ ਸ਼ਹਿਰ ਦੇ ਜੀਵਨ ਪੱਧਰ 'ਤੇ ਪੈਂਦਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ 'ਆਪ' ਦੇ ਉਮੀਦਵਾਰ ਲੋਕਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਸਥਾਨਕ ਮੁੱਦਿਆਂ ਨੂੰ ਹੱਲ ਕਰਨ ਲਈ ਵਚਨਬੱਧ ਹਨ। ਉਨ੍ਹਾਂ ਕਿਹਾ, ਆਪ ਦੀ ਅਗਵਾਈ ਵਾਲੀ ਨਗਰ ਨਿਗਮ ਨਾਲ ਅਸੀਂ ਅੰਮ੍ਰਿਤਸਰ ਦੀਆਂ ਸਮੱਸਿਆਵਾਂ ਦਾ ਜਲਦੀ ਹੱਲ ਯਕੀਨੀ ਬਣਾ ਸਕਦੇ ਹਾਂ।

ਸੂਬਾ ਸਰਕਾਰ ਦੀ ਸਫ਼ਲਤਾ ਨੂੰ ਉਜਾਗਰ ਕਰਦੇ ਹੋਏ ਮੁੱਖ ਮੰਤਰੀ ਮਾਨ ਨੇ 50,000 ਨੌਜਵਾਨਾਂ ਨੂੰ ਭ੍ਰਿਸ਼ਟਾਚਾਰ ਜਾਂ ਪੱਖਪਾਤ ਤੋਂ ਬਿਨਾਂ ਪੂਰੀ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਵਿੱਚ ਬੇਮਿਸਾਲ ਭਰਤੀ ਕਰਨ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਇਸ ਇਮਾਨਦਾਰ ਅਤੇ ਕੁਸ਼ਲ ਪ੍ਰਸ਼ਾਸਨ ਨੂੰ ਨਗਰ ਨਿਗਮ ਪੱਧਰ ਤੱਕ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ।

ਮਾਨ ਨੇ ਵਿਰੋਧੀ ਪਾਰਟੀਆਂ 'ਤੇ ਆਪਸੀ ਲੜਾਈ ਅਤੇ ਲੋਕਾਂ ਦੀਆਂ ਲੋੜਾਂ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਾਉਂਦਿਆਂ ਉਨ੍ਹਾਂ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਅਤੀਤ ਦੀ ਵੰਡ ਪਾਓ ਰਾਜਨੀਤੀ ਨੂੰ ਨਕਾਰ ਕੇ 'ਆਪ' ਦੇ ਸਾਫ਼-ਸੁਥਰੇ ਪ੍ਰਸ਼ਾਸਨ ਅਤੇ ਅਗਾਂਹਵਧੂ ਨੀਤੀਆਂ 'ਤੇ ਭਰੋਸਾ ਰੱਖਣ।

ਸੀਐਮ ਮਾਨ ਨੇ ਲੋਕਾਂ ਨੂੰ 21 ਦਸੰਬਰ ਨੂੰ ਆਮ ਆਦਮੀ ਪਾਰਟੀ ਨੂੰ ਵੋਟ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਝਾੜੂ ਵੋਟਿੰਗ ਮਸ਼ੀਨ ਦਾ ਸਿਰਫ਼ ਇੱਕ ਬਟਨ ਨਹੀਂ ਹੈ; ਇਹ ਉਮੀਦ, ਬਦਲਾਅ ਅਤੇ ਤੁਹਾਡੇ ਬੱਚਿਆਂ ਦੇ ਬਿਹਤਰ ਭਵਿੱਖ ਦਾ ਪ੍ਰਤੀਕ ਹੈ।

ਰੋਡ ਸ਼ੋਅ 'ਚ 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ, ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ, ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਲਾਲ ਜੀਤ ਭੁੱਲਰ ਅਤੇ ਗੁਰਮੀਤ ਸਿੰਘ ਖੁੱਡੀਆਂ ਸਮੇਤ 'ਆਪ' ਵਿਧਾਇਕ ਅਤੇ ਹੋਰ ਸੀਨੀਅਰ ਆਗੂ ਹਾਜ਼ਰ ਸਨ। ਸੀਐਮ ਮਾਨ ਨੇ ਪਾਰਟੀ ਦੇ ਮਿਹਨਤੀ ਵਲੰਟੀਅਰਾਂ ਅਤੇ ਅੰਮ੍ਰਿਤਸਰ ਦੇ ਲੋਕਾਂ ਵੱਲੋਂ ਦਿੱਤੇ ਅਥਾਹ ਪਿਆਰ ਅਤੇ ਸਮਰਥਨ ਲਈ ਧੰਨਵਾਦ ਕੀਤਾ।

ਉਨ੍ਹਾਂ ਨੇ ਆਪਣੇ ਸੰਬੋਧਨ ਦੀ ਸਮਾਪਤੀ 'ਆਪ' ਦੇ ਅੰਮ੍ਰਿਤਸਰ ਅਤੇ ਸਮੁੱਚੇ ਪੰਜਾਬ ਵਿੱਚ ਵਿਕਾਸ ਅਤੇ ਖ਼ੁਸ਼ਹਾਲੀ ਲਿਆਉਣ ਦੇ ਮਿਸ਼ਨ ਨੂੰ ਦੁਹਰਾਉਂਦਿਆਂ ਕੀਤਾ। ਉਨ੍ਹਾਂ ਕਿਹਾ ਕਿ 'ਆਪ' ਸਿਰਫ਼ ਸ਼ਾਸਨ ਨਹੀਂ ਕਰਦੀ; ਇਹ ਦਿਲਾਂ 'ਤੇ ਰਾਜ ਕਰਦੀ ਹੈ÷ ਮਾਨ ਨੇ ਕਿਹਾ ਕਿ ਸਾਨੂੰ ਚੋਣਾਂ ਵਿਚ ਸ਼ਾਨਦਾਰ ਜਿੱਤ ਦਾ ਭਰੋਸਾ ਹੈ।

# 'ਫਰਿਸ਼ਤੇ ਸਕੀਮ' ਜ਼ਿੰਦਗੀ ਬਚਾਉਣ 'ਚ ਹੋ ਰਹੀ ਹੈ ਵਰਦਾਨ ਸਾਬਤ , 223 ਦੁਰਘਟਨਾ ਪੀੜ੍ਹਤਾਂ ਦਾ ਹੋਇਆ ਮੁਫ਼ਤ ਇਲਾਜ

## ਪੰਜਾਬ ਸਰਕਾਰ ਦੀ ਅਹਿਮ 'ਫਰਿਸ਼ਤੇ ਸਕੀਮ' ਦਾ ਉਦੇਸ਼ ਕੀਮਤੀ ਜਾਨਾਂ ਬਚਾਉਣ ਲਈ ਸੜਕ ਹਾਦਸਾ ਪੀੜਤਾਂ ਨੂੰ ਤੁਰੰਤ ਇਲਾਜ ਮੁਹੱਈਆ ਕਰਵਾਉਣਾ

**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸੜਕ ਹਾਦਸਾ ਪੀੜਤਾਂ ਨੂੰ ਨਿਰਵਿਘਨ ਇਲਾਜ ਮੁਹੱਈਆ ਕਰਾਉਣ ਦੇ ਮੱਦੇਨਜ਼ਰ ਸ਼ੁਰੂ ਕੀਤੀ ਗਈ 'ਫਰਿਸ਼ਤੇ ਸਕੀਮ' ਕੀਮਤੀ ਜਾਨਾਂ ਬਚਾਉਣ ਲਈ ਵਰਦਾਨ ਸਾਬਤ ਹੋ ਰਹੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਅਨੁਸਾਰ, ਭਾਰਤ ਵਿੱਚ ਹਰ ਰੋਜ਼ ਲਗਭਗ 1,400 ਸੜਕੀ ਹਾਦਸੇ ਅਤੇ 400 ਮੌਤਾਂ ਹੁੰਦੀਆਂ ਹਨ। ਜਦਕਿ ਇਕੱਲੇ ਪੰਜਾਬ ਵਿੱਚ ਹਰ ਸਾਲ ਲਗਭਗ 5,000 ਮੌਤਾਂ ਸੜਕੀ ਦੁਰਘਟਨਾਵਾਂ ਕਾਰਨ ਹੁੰਦੀਆਂ ਹਨ। ਫਰਿਸ਼ਤੇ ਸਕੀਮ ਦਾ ਉਦੇਸ਼ ਦੁਰਘਟਨਾ ਪੀੜਤਾਂ ਨੂੰ ਬਿਨਾਂ ਕਿਸੇ ਨਿਸ਼ਚਤ ਰਾਸ਼ੀ (ਕੈਪਿੰਗ ਅਮਾਊਂਟ) ਤੋਂ ਵਿਆਪਕ ਇਲਾਜ ਪ੍ਰਦਾਨ ਕਰਕੇ ਇਸ ਗੰਭੀਰ ਮੁੱਦੇ ਨੂੰ ਹੱਲ ਕਰਨਾ ਹੈ।

ਸੂਬੇ ਦੀ ਇਹ ਮਹੱਤਵਪੂਰਨ ਸਕੀਮ, ਜਿਸਦਾ ਉਦੇਸ਼ ਸੜਕ ਕੰਢੇ ਹਾਦਸਿਆਂ ਵਿੱਚ ਸੱਟ ਲੱਗ ਜਾਣ ਕਾਰਨ ਹੋਣ ਵਾਲੀ ਮੌਤ ਦੀ ਫੀਸਦ ਨੂੰ ਘਟਾਉਣਾ ਹੈ ਅਤੇ ਸਰਕਾਰੀ ਅਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਤੁਰੰਤ, ਨਿਰਵਿਘਨ ਇਲਾਜ ਮੁਹੱਈਆ ਕਰਵਾਉਣਾ ਹੈ, ਨੂੰ 25 ਜਨਵਰੀ, 2024 ਨੂੰ ਨੋਟੀਫਾਈ ਕੀਤਾ ਗਿਆ ਸੀ। ਇਹ ਸਕੀਮ ਪੰਜਾਬ ਰਾਜ ਦੇ ਖੇਤਰ ਵਿੱਚ ਵਾਪਰੇ ਸਾਰੇ ਸੜਕ ਹਾਦਸਾ ਪੀੜਤਾਂ ਲਈ ਬਿਨਾਂ ਕਿਸੇ ਸ਼ਰਤ ਜਾਂ ਪੀੜਤਾਂ ਦੀ ਜਾਤ, ਧਰਮ, ਕੌਮੀਅਤ ਅਤੇ ਜਨਮ ਸਥਾਨ ਨੂੰ ਵਿਚਾਰੇ ਬਿਨਾਂ ਲਾਗੂ ਹੁੰਦੀ ਹੈ ਅਤੇ ਇਸ ਰਾਹੀਂ ਦੁਰਘਟਨਾ ਪੀੜਤਾਂ ਨੂੰ ਬਿਨਾਂ ਕਿਸੇ ਕੈਪਿੰਗ ਦੇ ਵਿਆਪਕ ਇਲਾਜ ਪ੍ਰਦਾਨ ਕੀਤਾ ਜਾਂਦਾ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਮੁੱਖ ਕਾਰਜਕਾਰੀ ਅਫਸਰ (ਸੀ.ਈ.ਓ.) ਸਟੇਟ ਹੈਲਥ ਏਜੰਸੀ (ਐਸ.ਐਚ.ਏ.) ਪੰਜਾਬ ਸ਼੍ਰੀਮਤੀ ਬਬੀਤਾ ਨੇ ਦੱਸਿਆ ਕਿ ਆਮ ਲੋਕਾਂ ਨੂੰ ਅੱਗੇ ਆਉਣ ਅਤੇ ਦੁਰਘਟਨਾ ਪੀੜਤਾਂ ਦੀ ਮਦਦ ਕਰਨ ਅਤੇ ਪੀੜਤਾਂ ਦੀ ਜਾਨ ਬਚਾਉਣ ਲਈ ਉਤਸ਼ਾਹਿਤ ਕਰਨ ਹਿੱਤ ਅਜਿਹੇ 'ਫਰਿਸ਼ਤੇ' ਨੂੰ ਨਕਦ ਇਨਾਮ ਅਤੇ ਪ੍ਰਸ਼ੰਸਾ ਪੱਤਰ ਨਾਲ ਸਨਮਾਨਿਤ ਕੀਤਾ ਜਾਂਦਾ ਹੈ ਅਤੇ ਕਾਨੂੰਨੀ ਪੇਚੀਦਗੀਆਂ ਅਤੇ ਪੁਲਿਸ ਪੁੱਛਗਿੱਛ ਤੋਂ ਵੀ ਛੋਟ ਦਿੱਤੀ ਹੁੰਦੀ ਹੈ। ਉਨ੍ਹਾਂ ਕਿਹਾ, " ਕੋਈ ਵੀ ਵਿਅਕਤੀ ਜੋ ਸਵੈ-ਇੱਛਾ ਨਾਲ ਦੁਰਘਟਨਾ ਪੀੜਤਾਂ ਦੀ ਜਾਨ ਬਚਾਉਣ ਵਿੱਚ ਸਹਾਇਤਾ ਕਰਦਾ ਹੈ, ਨੂੰ 'ਫਰਿਸ਼ਤਾ' ਮੰਨਿਆ ਜਾਵੇਗਾ ਅਤੇ ਉਸ ਨੂੰ ਪ੍ਰਸ਼ੰਸਾ ਪੱਤਰ ਅਤੇ 2000 ਰੁਪਏ ਦੀ ਨਕਦ ਇਨਾਮੀ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਵੇਗਾ"। ਸੀ.ਈ.ਓ. ਨੇ ਕਿਹਾ ਕਿ ਸ਼ੁਰੂਆਤ ਤੋਂ ਲੈ ਕੇ, ਇਸ ਸਕੀਮ ਨੇ ਸੜਕ ਹਾਦਸਿਆਂ ਦੇ ਨਤੀਜੇ ਵਜੋਂ ਹੁੰਦੀਆਂ ਮੌਤਾਂ ਦੀ ਦਰ ਨੂੰ ਘਟਾਉਣ ਵਿੱਚ ਆਪਣੀ ਪ੍ਰਭਾਵਸ਼ੀਲਤਾ ਨੂੰ ਦਰਸਾਉਂਦੇ ਹੋਏ, ਲਗਭਗ 223 ਦੁਰਘਟਨਾ ਪੀੜਤਾਂ ਨੂੰ ਮੁਫਤ ਡਾਕਟਰੀ ਇਲਾਜ ਮੁਹੱਈਆ ਕਰਵਾਇਆ ਹੈ। ਉਨ੍ਹਾਂ ਅੱਗੇ ਕਿਹਾ, ਹੁਣ ਤੱਕ, 66 "ਫਰਿਸ਼ਤੇ" ਰਾਜ ਸਿਹਤ ਏਜੰਸੀ ਪੰਜਾਬ ਨਾਲ ਰਜਿਸਟਰ ਹੋਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੇ 16 ਫਰਿਸ਼ਤਿਆਂ ਦੇ ਨਿਰਸਵਾਰਥ ਯਤਨਾਂ ਨੂੰ ਮਾਨਤਾ ਦਿੰਦੇ ਹੋਏ 15 ਅਗਸਤ, 2024 ਨੂੰ ਉਨ੍ਹਾਂ ਨੂੰ ਪ੍ਰਤੀ ਪੀੜਤ 2000 ਰੁਪਏ ਦਾ ਨਕਦ ਇਨਾਮ ਅਤੇ ਪ੍ਰਸ਼ੰਸਾ ਪੱਤਰ ਦੇ ਕੇ "ਫਰਿਸ਼ਤੇ ਐਵਾਰਡ" ਨਾਲ ਸਨਮਾਨਿਤ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਬਾਕੀ ਫਰਿਸ਼ਤਿਆਂ ਨੂੰ ਵੀ ਉਨ੍ਹਾਂ ਦੇ ਸਬੰਧਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਵੱਲੋਂ ਸਨਮਾਨਿਤ ਕੀਤਾ ਜਾ ਰਿਹਾ ਹੈ।

ਫਰਿਸ਼ਤੇ ਸਕੀਮ ਦੇ ਤਹਿਤ, 494 ਹਸਪਤਾਲਾਂ, ਜਿਨ੍ਹਾਂ ਵਿੱਚ 90 ਟਰਸ਼ਰੀ ਦੇਖਭਾਲ ਵਾਲੇ ਹਸਪਤਾਲ ਸ਼ਾਮਲ ਹਨ, ਨੂੰ ਖਾਸ ਤੌਰ 'ਤੇ ਰਾਸ਼ਟਰੀ ਅਤੇ ਰਾਜ ਮਾਰਗ/ਸੜਕਾਂ ਦੇ 30 ਕਿਲੋਮੀਟਰ ਦੇ ਹਿੱਸੇ ਨੂੰ ਕਵਰ ਕਰਨ ਲਈ ਸੂਚੀਬੱਧ ਕੀਤਾ ਗਿਆ ਹੈ ਤਾਂ ਜੋ ਗੰਭੀਰ ਸਮੇਂ ਦੌਰਾਨ ਇਲਾਜ ਨੂੰ ਯਕੀਨੀ ਬਣਾਇਆ ਜਾ ਸਕੇ।

ਸ਼੍ਰੀਮਤੀ ਬਬੀਤਾ ਨੇ ਕਿਹਾ ਕਿ ਇਹ ਹਸਪਤਾਲ ਮੈਪਲ ਐਪਲੀਕੇਸ਼ਨ (ਇੱਕ ਮੋਬਾਈਲ ਐਪ) ਨਾਲ ਜੁੜੇ ਹਨ, ਜੋ ਕਿ ਲੋਕਾਂ ਨੂੰ ਨੇੜਲੇ ਸੂਚੀਬੱਧ ਹਸਪਤਾਲ ਵਿੱਚ ਦੀ ਸੁਖਾਲੇ ਢੰਗ ਨਾਲ ਭਾਲ ਕਰਨ ਵਿੱਚ ਮਦਦ ਕਰਦੀ ਹੈ।

ਇਹ ਸਕੀਮ ਐਮਰਜੈਂਸੀ ਹੈਲਪਲਾਈਨਾਂ --108, 1033, ਅਤੇ 112 ਸੜਕ ਸੁਰੱਖਿਆ ਫੋਰਸ (ਐਸਐਸਐਫ) ਨਾਲ ਵੀ ਜੁੜੀ ਹੋਈ ਹੈ, ਜਿਸ ਤਹਿਤ ਆਈ.ਟੀ. ਪ੍ਰਣਾਲੀਆਂ ਰਾਹੀਂ 30 ਕਿਲੋਮੀਟਰ ਦੇ ਘੇਰੇ ਵਿੱਚ ਪੈਂਦੇ ਨੇੜਲੇ ਹਸਪਤਾਲਾਂ ਦਾ ਪਤਾ ਲਗਾਉਣ ਅਤੇ ਸਮਾਂ ਰਹਿੰਦਿਆਂ ਪੀੜਤ ਨੂੰ ਹਸਪਤਾਲ ਪਹੰਚਾਉਣ ਦੀ ਸਹੂਲਤ ਉਪਲਬਧ ਹੈ। ਉਨ੍ਹਾਂ ਕਿਹਾ ਕਿ 108 ਐਂਬੂਲੈਂਸ ਦੇ ਸਟਾਫ ਨੂੰ ਦੁਰਘਟਨਾ ਦੇ ਪੀੜਤਾਂ ਨੂੰ ਨਜ਼ਦੀਕੀ ਹਸਪਤਾਲਾਂ ਤੱਕ ਪਹੁੰਚਾਉਣ ਅਤੇ ਪ੍ਰਬੰਧਨ ਲਈ ਸਿਖਲਾਈ ਦਿੱਤੀ ਗਈ ਹੈ।

ਸੀ.ਈ.ਓ. ਨੇ ਕਿਹਾ ਕਿ ਜੇਕਰ ਕੋਈ ਸੂਚੀਬੱਧ ਹਸਪਤਾਲ ਭੁਗਤਾਨ ਦੀ ਮੰਗ ਕਰਦਾ ਹੈ, ਤਾਂ ਲਾਭਪਾਤਰੀ ਐਸਐਚਏ ਪੰਜਾਬ ਕੋਲ ਸ਼ਿਕਾਇਤ ਦਰਜ ਕਰਵਾ ਸਕਦੇ ਹਨ ਜਾਂ 104 ਮੈਡੀਕਲ ਹੈਲਪਲਾਈਨ 'ਤੇ ਆਪਣੀ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ।

# 'ਆਪ' ਦੇ ਉਮੀਦਵਾਰ ਨਗਰ ਨਿਗਮ/ਕੌਂਸਲ ਚੋਣਾਂ ਵਿੱਚ ਪ੍ਰਾਪਤ ਕਰਨਗੇ ਹੂੰਝਾ ਫੇਰ ਜਿੱਤ: ਹਰਚੰਦ ਸਿੰਘ ਬਰਸਟ

**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ), ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਚੰਗੀ ਕਾਰਗੁਜਾਰੀ ਤੋਂ ਲੋਕ ਬਹੁਤ ਖੁਸ਼ ਹਨ। ਨਗਰ ਨਿਗਮ, ਨਗਰ ਕੌਂਸਲ, ਨਗਰ ਪੰਚਾਇਤ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਲੋਕਾਂ ਦਾ ਪੂਰਾ ਸਾਥ ਮਿਲ ਰਿਹਾ ਹੈ ਅਤੇ ਚੋਣਾਂ ਵਿੱਚ ਆਪ ਦੇ ਉਮੀਦਵਾਰ ਹੂੰਝਾ ਫੇਰ ਜਿੱਤ ਹਾਸਲ ਕਰਨਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਪੜ੍ਹੇ ਲਿਖੇ, ਇਮਾਨਦਾਰ, ਸੂਝਵਾਨ ਲੋਕਾਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ।



ਸ. ਬਰਸਟ ਨੇ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਲੋਕ ਪੱਖੀ ਕੰਮ ਕੀਤੇ ਜਾ ਰਹੇ ਹਨ, ਜਿਸਦੇ ਸਦਕਾ ਅੱਜ ਪੰਜਾਬ ਤਰੱਕੀ ਦੀ ਰਾਹ 'ਤੇ ਅੱਗੇ ਵੱਧ ਰਿਹਾ ਹੈ। ਪੰਜਾਬ ਦੇ ਲੋਕਾਂ ਨੂੰ ਚੰਗੀ ਸਿਹਤ ਅਤੇ ਚੰਗੀ ਸਿੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ। 600 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਬਿਨਾਂ ਕਿਸੇ ਰਿਸ਼ਵਤ ਜਾਂ ਸਿਫਾਰਸ਼ ਤੋਂ ਕਰੀਬ 50 ਹਜਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਖੇਤਾਂ ਨੂੰ ਨਹਿਰਾਂ ਦਾ ਪਾਣੀ ਦੇਣਾ, ਸਕੂਲ ਆਫ ਐਮੀਨੈਂਸ, ਸੜਕ ਸੁਰੱਖਿਆ ਫੋਰਸ ਸਮੇਤ ਪੰਜਾਬ ਵਿੱਚ ਨਵੀਂ ਇੰਡਸਟਰੀ ਲਗਾਉਣ ਲਈ ਪੰਜਾਬ ਸਰਕਾਰ ਵੱਲੋਂ ਸਾਰਥਿਕ ਕਦਮ ਚੁੱਕੇ ਗਏ ਹਨ, ਜਿਸ ਕਰਕੇ ਲੋਕਾਂ ਨੂੰ ਆਪ ਸਰਕਾਰ ਤੇ ਪੂਰਾ ਭਰੋਸਾ ਹੈ।

ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ। ਸੂਬੇ ਵਿੱਚ ਖੇਡ ਸੱਭਿਆਚਾਰ ਵਿਕਸਿਤ ਕਰਨ ਲਈ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ, ਤਾਂ ਜੋ ਪੰਜਾਬ ਵਿੱਚ ਖੇਡਾਂ ਨੂੰ ਪ੍ਰਫੁਲਤ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀਆਂ ਨੀਤੀਆਂ, ਪ੍ਰਸ਼ਾਸਨਿਕ ਸੁਧਾਰਾਂ ਤੋਂ ਲੈ ਕੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣਾ ਅਤੇ ਹਰ ਵਰਗ ਦੀ ਭਲਾਈ ਵਾਸਤੇ ਲਏ ਗਏ ਫੈਸਲਿਆਂ ਤੋਂ ਆਮ ਜਨ ਬਹੁਤ ਖੁਸ਼ ਹਨ, ਜਿਸ ਕਰਕੇ ਨਗਰ ਨਿਗਮ, ਨਗਰ ਕੌਂਸਲ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਵੱਲੋਂ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕੀਤੀ ਜਾਵੇਗੀ।

# ਡਿਪਟੀ ਕਮਿਸ਼ਨਰ ਨੇ ਮਾਲ ਅਧਿਕਾਰੀਆਂ ਨਾਲ ਕੀਤੀ ਮੀਟਿੰਗ ,ਵਿਭਾਗ ਦੀ ਕਾਰਜਗੁਜਾਰੀ ਦੀ ਕੀਤੀ ਸਮੀਖਿਆ

**ਮਾਲੇਰਕੋਟਲਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਮਾਲੇਰਕੋਟਲਾ ਡਾ ਪੱਲਵੀ ਨੇ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਮਾਲ ਵਿਭਾਗ ਨਾਲ ਸਬੰਧਤ ਕੰਮਾਂ ਦੀ ਰੀਵਿਊ ਮੀਟਿੰਗ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸੁਖਪ੍ਰੀਤ ਸਿੰਘ ਸਿੱਧੂ,ਐਸ.ਡੀ.ਐਮ. ਹਰਬੰਸ ਸਿੰਘ,ਐਸ.ਡੀ.ਐਮ. ਸੁਰਿੰਦਰ ਕੌਰ, ਸਹਾਇਕ ਕਮਿਸ਼ਨਰ ਗੁਰਮੀਤ ਕੁਮਾਰ ਬਾਂਸਲ, ਜ਼ਿਲ੍ਹਾ ਮਾਲ ਅਫ਼ਸਰ ਮਨਦੀਪ ਕੌਰ, ਤਹਿਸ਼ੀਲਦਾਰ ਸ਼ੀਸਪਾਲ ਸਿੰਗਲਾ,ਨਾਇਬ ਤਹਿਸ਼ੀਲਦਾਰ ਪਰਵੀਨ ਕੁਮਾਰ,ਨਾਇਬ ਤਹਿਸ਼ੀਲਦਾਰ ਵਿਨੋਦ ਕੁਮਾਰ , ਸਦਰ ਕਾਨੰਗੋ ਰਣਜੀਤ ਸਿੰਘ ਮੌਜੂਦ ਸਨ।

ਲੋਕਾਂ ਦੇ ਸਮੇਂ ਦੀ ਬੱਚਤ ਕਰਨ ਲਈ ਅਤੇ ਵਿਭਾਗਾਂ ਵਿਚ ਬੇਲੋੜੀ ਖੱਜਲ ਖ਼ੁਆਰੀ ਨੂੰ ਮੁਕੰਮਲ ਤੌਰ 'ਤੇ ਬੰਦ ਕਰਨ ਲਈ ਅਧਿਕਾਰੀਆਂ ਨੂੰ ਸਰਗਰਮ ਯੋਗਦਾਨ ਪਾਉਣ ਦੀ ਲੋੜ ਤੇ ਜੋਰ ਦਿੰਦਿਆ ਡਿਪਟੀ ਕਮਿਸ਼ਨਰ ਡਾ ਪੱਲਵੀ ਨੇ ਹਦਾਇਤ ਕੀਤੀ ਕਿ ਨਾਗਰਿਕਾਂ ਨੂੰ ਮਾਲ ਵਿਭਾਗ ਨਾਲ ਸਬੰਧਤ ਵੱਖ-ਵੱਖ ਸੇਵਾਵਾਂ ਪ੍ਰਦਾਨ ਕਰਨ ਵਿੱਚ ਤੇਜ਼ੀ ਲਿਆਂਦੀ ਜਾਵੇ।



ਉਨ੍ਹਾਂ ਹੋਰ ਹਦਾਇਤ ਕੀਤੀ ਕਿ ਇੰਤਕਾਲ, ਵੰਡ,ਜਮ੍ਹਾਂਬੰਦੀਆਂ ਅਤੇ ਨਿਸ਼ਾਨਦੇਹੀ ਦੇ ਮਾਮਲਿਆਂ ਨੂੰ ਬਿਨਾਂ ਕਿਸੇ ਦੇਰੀ ਤੋਂ ਸਮਾਂਬੱਧ ਤਰੀਕੇ ਨਾਲ ਨਿਪਟਾਉਣ ਲਈ ਇੱਕ ਮੁਹਿੰਮ ਦੇ ਤੌਰ 'ਤੇ ਕੰਮ ਕੀਤਾ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਸਾਰੇ ਕੰਮ ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਮੁਤਾਬਕ ਸਮੇਂ ਸਿਰ ਪੂਰੇ ਕਰਨ ਦੇ ਆਦੇਸ਼ ਵੀ ਦਿੱਤੇ।

ਡਿਪਟੀ ਕਮਿਸ਼ਨਰ ਨੇ ਸਮੂਹ ਐਸ.ਡੀ.ਐਮਜ਼ ਵਿਭਾਗੀ ਪੜਤਾਲਾਂ ਦੇ ਬਕਾਇਆ ਕੇਸਾਂ ਨੂੰ ਜਲਦੀ ਤੋਂ ਜਲਦੀ ਨੇਪਰੇ ਚੜ੍ਹਾਉਣ ਯਕੀਨੀ ਬਣਾਉਣ ਕਿਹਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਲੋਕਾਂ ਦੀ ਸਹੂਲਤ ਲਈ 26 ਦਸੰਬਰ ਨੂੰ ਲੰਬਿਤ ਝਗੜਾ ਰਹਿਤ ਇੰਤਕਾਲਾਂ ਨੂੰ ਦਰਜ ਕਰਨ ਲਈ ਮਾਲੇਰਕੋਟਲਾ ਤਹਿਸੀਲ ਵਿਖੇ ਵਿਸ਼ੇਸ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ ਤਾਂ ਜੋ ਵੱਧ ਤੋਂ ਵੱਧ ਲੰਬਿਤ ਇੰਤਕਾਲਾਂ ਦਾ ਨਿਪਟਾਰਾ ਹੋ ਸਕੇ ।

ਉਨ੍ਹਾਂ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਇਨ੍ਹਾਂ ਕੈਂਪਾਂ ਦੌਰਾਨ ਲੋਕਾਂ ਦੀ ਸੁਵਿਧਾ ਲਈ ਉਪਲੱਬਧ ਰਹਿਣ ਲਈ ਕਿਹਾ।

# ਮੀਤ ਹੇਅਰ ਨੇ ਸੰਸਦ ਵਿੱਚ ਉਠਾਇਆ ਕਿਸਾਨਾਂ ਦਾ ਮੁੱਦਾ, ਪੁੱਛਿਆ - 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਪ੍ਰਧਾਨ ਮੰਤਰੀ ਮੋਦੀ ਦੇ ਵਾਅਦੇ ਦਾ ਕੀ ਹੋਇਆ ?

**➢ ਮੀਤ ਹੇਅਰ ਨੇ ਭੁੱਖ ਹੜਤਾਲ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਵੀ ਕੀਤਾ ਜ਼ਿਕਰ, ਕਿਹਾ- ਕੇਂਦਰ ਸਰਕਾਰ ਨੂੰ ਮਾਮਲੇ ਦੀ ਗੰਭੀਰਤਾ ਨੂੰ ਸਮਝਣਾ ਚਾਹੀਦੈ ➢ਕੇਂਦਰ ਸਰਕਾਰ ਤੁਰੰਤ ਕਿਸਾਨਾਂ ਦੀਆਂ ਮੰਗਾਂ ਨੂੰ ਮਨੇ ਅਤੇ ਐਮਐਸਪੀ ਗਾਰੰਟੀ ਕਾਨੂੰਨ ਲਾਗੂ ਕਰੇ : ਮੀਤ ਹੇਅਰ**

**ਨਵੀਂ ਦਿੱਲੀ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਦੇ ਸੰਗਰੂਰ ਤੋਂ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਸੋਮਵਾਰ ਨੂੰ ਸੰਸਦ ਵਿੱਚ ਕਿਸਾਨਾਂ ਦਾ ਮੁੱਦਾ ਉਠਾਇਆ ਅਤੇ ਕੇਂਦਰ ਸਰਕਾਰ ਤੋਂ ਪੁੱਛਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਵਾਅਦੇ ਦਾ ਕੀ ਹੋਇਆ ? ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨੂੰ ਇਸ 'ਤੇ ਦੇਸ਼ ਨੂੰ ਜਵਾਬ ਦੇਣਾ ਚਾਹੀਦਾ ਹੈ।

ਮੀਤ ਹੇਅਰ ਨੇ ਕਿਹਾ ਕਿ 2014 ਵਿੱਚ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਹੁਣ ਤੱਕ 11 ਬਜਟ ਪੇਸ਼ ਕੀਤੇ ਜਾ ਚੁੱਕੇ ਹਨ ਪਰ ਕਿਸੇ ਵੀ ਬਜਟ ਵਿੱਚ ਕਿਸਾਨਾਂ ਦੀ ਆਮਦਨ ਵਧਾਉਣ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਖੇਤੀ ਕਾਨੂੰਨ ਨੂੰ ਰੱਦ ਕਰਦਿਆਂ ਦੇਸ਼ ਦੇ ਕਿਸਾਨਾਂ ਨੂੰ ਐਮਐਸਪੀ ਦੀ ਗਾਰੰਟੀ ਦੇਣ ਦਾ ਵਾਅਦਾ ਕੀਤਾ ਸੀ ਪਰ ਉਹ ਵੀ ਅੱਜ ਤੱਕ ਪੂਰਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ 750 ਤੋਂ ਵੱਧ ਲੋਕ ਸ਼ਹੀਦ ਹੋਏ ਸਨ। ਅੱਜ ਖੇਤੀ ਕਾਨੂੰਨ ਵਾਪਸ ਲਏ 300 ਦਿਨ ਬੀਤ ਚੁੱਕੇ ਹਨ ਪਰ ਉਨ੍ਹਾਂ ਨੂੰ ਇਨਸਾਫ਼ ਨਹੀਂ ਮਿਲਿਆ।

ਪੰਜਾਬ ਦੇ ਕਿਸਾਨ ਐਮਐਸਪੀ ਨੂੰ ਲਾਗੂ ਕਰਵਾਉਣ ਲਈ ਕਰੀਬ ਇੱਕ ਸਾਲ ਤੋਂ ਹਰਿਆਣਾ ਦੀ ਸਰਹੱਦ 'ਤੇ ਬੈਠੇ ਹਨ, ਪਰ ਉਨ੍ਹਾਂ ਨੂੰ ਦਿੱਲੀ ਨਹੀਂ ਆਉਣ ਦਿੱਤਾ ਜਾ ਰਿਹਾ।

ਹਰਿਆਣਾ ਅਤੇ ਪੰਜਾਬ ਦਾ ਬਾਰਡਰ ਪਾਕਿਸਤਾਨ ਵਾਂਗ ਬਣਾ ਰਖਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ ਵਿੱਚ ਉਦਯੋਗਪਤੀਆਂ ਦੇ 10 ਲੱਖ ਕਰੋੜ ਰੁਪਏ ਤੋਂ ਵੱਧ ਦੇ ਕਰਜ਼ੇ ਮੁਆਫ਼ ਕੀਤੇ ਗਏ ਹਨ ਪਰ ਕਿਸਾਨਾਂ ਦੇ ਕਰਜ਼ੇ ਮੁਆਫ਼ ਨਹੀਂ ਕੀਤੇ ਗਏ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਦੇਸ਼ ਦੇ ਅਨਾਜ ਭੰਡਾਰਾਂ ਨੂੰ ਭਰਨ ਲਈ ਆਪਣੀ ਜ਼ਮੀਨ ਅਤੇ ਪਾਣੀ ਬਰਬਾਦ ਕਰ ਦਿੱਤਾ ਪਰ ਅੱਜ ਉਨ੍ਹਾਂ ਨੂੰ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਆਪਣੀ ਆਵਾਜ਼ ਬੁਲੰਦ ਕਰਨ ਲਈ ਆਉਣ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ 'ਤੇ ਤਸ਼ੱਦਦ ਕਰਨ ਦੀ ਬਜਾਏ ਉਨ੍ਹਾਂ ਦੀਆਂ ਮੰਗਾਂ ਮੰਨ ਕੇ ਘੱਟੋ-ਘੱਟ ਸਮਰਥਨ ਮੁੱਲ ਗਾਰੰਟੀ ਕਾਨੂੰਨ ਲਾਗੂ ਕਰੇ।



ਮੀਤ ਹੇਅਰ ਨੇ ਪੰਜਾਬ-ਹਰਿਆਣਾ ਬਾਰਡਰ 'ਤੇ ਮਰਨ ਵਰਤ 'ਤੇ ਬੈਠੇ ਪੰਜਾਬ ਦੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਉਹ ਆਪਣੇ ਨਿੱਜੀ ਹਿੱਤਾਂ ਲਈ ਨਹੀਂ ਸਗੋਂ ਪੂਰੇ ਦੇਸ਼ ਦੇ ਕਿਸਾਨਾਂ ਦੀ ਭਲਾਈ ਲਈ 21 ਦਿਨਾਂ ਤੋਂ ਭੁੱਖੇ ਬੈਠੇ ਹਨ। ਅਸੀਂ ਉਨ੍ਹਾਂ ਦੀ ਸਿਹਤ ਨੂੰ ਲੈ ਕੇ ਚਿੰਤਤ ਹਾਂ। ਕੇਂਦਰ ਸਰਕਾਰ ਨੂੰ ਵੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

ਹੇਅਰ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਕਿਹਾ ਕਿ ਉਹ ਟਰੈਕਟਰ ਟਰਾਲੀਆਂ ਨਹੀਂ ਲਿਆ ਸਕਦੇ, ਇਸ ਲਈ ਉਹ ਟਰੈਕਟਰ ਟਰਾਲੀਆਂ ਨਹੀਂ ਲੈ ਕੇ ਆਏ। ਸਰਕਾਰ ਨੇ ਕਿਹਾ ਕਿ ਉਹ ਵੱਡੀ ਗਿਣਤੀ ਵਿਚ ਨਹੀਂ ਆ ਸਕਦੇ, ਇਸ ਲਈ ਉਨ੍ਹਾਂ ਨੇ ਸਿਰਫ 100 ਕਿਸਾਨਾਂ ਨਾਲ ਦਿੱਲੀ ਆਉਣ ਦੀ ਯੋਜਨਾ ਬਣਾਈ, ਫਿਰ ਵੀ ਕੇਂਦਰ ਸਰਕਾਰ ਉਨ੍ਹਾਂ ਨੂੰ ਆਉਣ ਦੀ ਇਜਾਜ਼ਤ ਨਹੀਂ ਦੇ ਰਹੀ। ਜਦੋਂ ਕਿਸਾਨ ਸਰਕਾਰ ਦੀ ਹਰ ਗੱਲ ਮੰਨਣ ਲਈ ਤਿਆਰ ਹਨ ਤਾਂ ਸਰਕਾਰ ਨੂੰ ਵੀ ਉਨ੍ਹਾਂ ਦੀ ਗੱਲ ਮੰਨ ਲੈਣੀ ਚਾਹੀਦੀ ਹੈ।

ਮੀਤ ਹੇਅਰ ਨੇ ਆਪਣੇ ਭਾਸ਼ਣ ਵਿੱਚ ਦੇਸ਼ ਦੇ ਲੋਕਾਂ ਦੀ ਮਾੜੀ ਆਰਥਿਕ ਸਥਿਤੀ ਦਾ ਵੀ ਜ਼ਿਕਰ ਕੀਤਾ ਅਤੇ ਪ੍ਰਕਾਸ਼ਿਤ ਅੰਕੜਿਆਂ ਰਾਹੀਂ ਦੱਸਿਆ ਕਿ ਅਸੀਂ ਪ੍ਰਤੀ ਵਿਅਕਤੀ ਆਮਦਨ ਵਿੱਚ ਵਿਸ਼ਵ ਵਿੱਚ 141ਵੇਂ ਸਥਾਨ 'ਤੇ ਹਾਂ। 140 ਕਰੋੜ ਦੀ ਆਬਾਦੀ ਵਿੱਚੋਂ ਸਿਰਫ਼ 10 ਫ਼ੀਸਦੀ ਲੋਕ ਹੀ 25,000 ਰੁਪਏ ਪ੍ਰਤੀ ਮਹੀਨਾ ਤੋਂ ਵੱਧ ਕਮਾਉਂਦੇ ਹਨ। ਇਸ ਅੰਕੜੇ ਨੂੰ ਕਿਸਾਨਾਂ ਨਾਲ ਜੋੜਦਿਆਂ ਉਨ੍ਹਾਂ ਕਿਹਾ ਕਿ 90 ਫੀਸਦੀ ਲੋਕ ਜਿਨ੍ਹਾਂ ਦੀ ਆਮਦਨ 25,000 ਰੁਪਏ ਪ੍ਰਤੀ ਮਹੀਨਾ ਤੋਂ ਘੱਟ ਹੈ, ਉਨ੍ਹਾਂ ਵਿੱਚੋਂ ਜ਼ਿਆਦਾਤਰ ਕਿਸਾਨ ਅਤੇ ਮਜ਼ਦੂਰ ਹਨ।

ਹੇਅਰ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸਭ ਤੋਂ ਵੱਧ ਕੁਰਬਾਨੀ ਦਿੱਤੀ। ਅੱਜ ਵੀ ਲਗਭਗ ਹਰ ਪਿੰਡ ਵਿੱਚ ਸ਼ਹੀਦ ਫੌਜੀਆਂ ਦੇ ਬੁੱਤ ਸਥਾਪਿਤ ਹਨ। ਆਜ਼ਾਦੀ ਤੋਂ ਬਾਅਦ ਪੰਜਾਬ ਦੇ ਕਿਸਾਨਾਂ ਨੇ ਦੇਸ਼ ਨੂੰ ਅਨਾਜ ਪੱਖੋਂ ਆਤਮਨਿਰਭਰ ਬਣਾਇਆ। ਇੱਕ ਵਾਰ ਇਸੇ ਸੰਸਦ ਵਿੱਚ ਦੇਸ਼ ਦੇ ਲੋਕਾਂ ਨੂੰ ਹਫ਼ਤੇ ਵਿੱਚ ਇੱਕ ਦਿਨ ਵਰਤ ਰੱਖਣ ਲਈ ਕਿਹਾ ਗਿਆ ਸੀ ਤਾਂ ਜੋ ਦੇਸ਼ ਨੂੰ ਦੂਜੇ ਦੇਸ਼ਾਂ ਤੋਂ ਅਨਾਜ ਮੰਗਣ ਦੀ ਲੋੜ ਨਾ ਪਵੇ। ਪੰਜਾਬ ਦੇ ਕਿਸਾਨਾਂ ਨੇ ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਸਭ ਕੁਝ ਕੁਰਬਾਨ ਕਰ ਦਿੱਤਾ। ਇਸ ਲਈ ਕੇਂਦਰ ਸਰਕਾਰ ਨੂੰ ਕਿਸਾਨਾਂ ਨਾਲ ਮਾੜਾ ਸਲੂਕ ਕਰਨ ਤੋਂ ਪਹਿਲਾਂ ਇਤਿਹਾਸ ਪੜ੍ਹ ਲੈਣਾ ਚਾਹੀਦਾ ਹੈ।

# ਰਾਜਾ ਗਿੱਲ ਨੇ ਕਾਂਗਰਸੀ ਉਮੀਦਵਾਰ ਸੁਰਿੰਦਰ ਕੁਮਾਰ ਛਿੰਦੀ ਦੇ ਹੱਕ ਵਿੱਚ ਕੀਤਾ ਚੋਣ ਪ੍ਰਚਾਰ



**ਮਾਛੀਵਾੜਾ ਸਾਹਿਬ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਚੋਣਾਂ ਦੌਰਾਨ ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਅੱਜ ਵਾਰਡ ਨੰਬਰ ਚਾਰ ਤੋਂ ਪਾਰਟੀ ਦੇ ਉਮੀਦਵਾਰ ਸੁਰਿੰਦਰ ਕੁਮਾਰ ਛਿੰਦੀ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ।

ਇਸ ਮੌਕੇ ਵੋਟਰਾਂ ਨੂੰ ਸੰਬੋਧਨ ਕਰਦਿਆਂ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਜਿਸ ਤਰ੍ਹਾਂ ਆਮ ਆਦਮੀ ਪਾਰਟੀ ਨੇ ਧੱਕੇਸ਼ਾਹੀ ਕਰਦਿਆਂ ਕਾਂਗਰਸੀ ਉਮੀਦਵਾਰਾਂ ਦੇ ਕਾਗਜ਼ ਰੱਦ ਕੀਤੇ ਹਨ ਉਸੇ ਤਰ੍ਹਾਂ ਹੁਣ ਬਾਕੀ ਵਾਰਡਾਂ ਵਿੱਚ ਸਰਕਾਰ ਦੀ ਇਸ ਧੱਕੇਸ਼ਾਹੀ ਦਾ ਜਵਾਬ ਲੋਕ ਕਾਂਗਰਸ ਪਾਰਟੀ ਦੇ ਉਮੀਦਵਾਰ ਨੂੰ ਜਿਤਾ ਕੇ ਦੇਣਗੇ।

ਉਹਨਾਂ ਕਿਹਾ ਕਿ ਕਾਂਗਰਸੀ ਉਮੀਦਵਾਰ ਸੁਰਿੰਦਰ ਕੁਮਾਰ ਛਿੰਦੀ ਇਥੋਂ ਪਹਿਲਾਂ ਵੀ ਕੌਂਸਲ ਰਹਿ ਚੁੱਕੇ ਹਨ ਅਤੇ ਆਪਣੇ ਵਾਰਡ ਵਿੱਚ ਉਹਨਾਂ ਦਾ ਚੰਗਾ ਆਧਾਰ ਹੈ ਇਸ ਲਈ ਉਹਨਾਂ ਨੂੰ ਲੋਕਾਂ ਦਾ ਭਰਵਾਂ ਸਮਰਥਨ ਮਿਲ ਰਿਹਾ ਹੈ। ਇਸ ਮੌਕੇ ਉਮੀਦਵਾਰ ਸੁਰਿੰਦਰ ਕੁਮਾਰ ਛਿੰਦੀ ਨੇ ਕਿਹਾ ਕਿ ਪਹਿਲਾਂ ਵੀ ਇਸ ਵਾਰਡ ਦੇ ਲੋਕਾਂ ਨੇ ਉਹਨਾਂ ਨੂੰ ਕੌਂਸਲਰ ਚੁਣਿਆ ਸੀ ਤੇ ਇਸ ਵਾਰ ਵੀ ਉਹ ਆਪਣੇ ਵਾਰਡ ਦੇ ਪਿਆਰੇ ਵੋਟਰਾਂ ਦੇ ਸਹਿਯੋਗ ਨਾਲ ਇਹ ਸੀਟ ਜਿੱਤ ਕੇ ਕਾਂਗਰਸ ਦੀ ਝੋਲੀ ਪਾਉਣਗੇ ਅਤੇ ਉਹ ਵਿਸ਼ਵਾਸ਼ ਦਿਵਾਉਂਦੇ ਹਨ ਕਿ ਇਸ ਵਾਰਡ ਦੇ ਵਿਕਾਸ ਵਿੱਚ ਉਹ ਕੋਈ ਕਸਰ ਨਹੀਂ ਛੱਡਣਗੇ ਅਤੇ ਲੋਕਾਂ ਦੇ ਦੁੱਖ ਸੁੱਖ ਵਿੱਚ ਨਾਲ ਕਰਨਗੇ। ਇਸ ਮੌਕੇ ਉਹਨਾਂ ਦੇ ਨਾਲ ਵੱਡੀ ਗਿਣਤੀ ਸਮਰਥਕ ਮੌਜੂਦ ਸਨ।

# ਪੰਜਾਬ ਪੁਲਿਸ ਵੱਲੋਂ ਕੈਨੇਡਾ ਅਧਾਰਤ ਅੱਤਵਾਦੀ ਅਰਸ਼ ਡੱਲਾ ਦੇ ਚਾਰ ਕਾਰਕੁਨ ਗ੍ਰਿਫ਼ਤਾਰ; ਤਿੰਨ ਪਿਸਤੌਲ ਬਰਾਮਦ

# ਗ੍ਰਿਫਤਾਰ ਮੁਲਜ਼ਮ ਅਰਸ਼ ਡੱਲਾ ਦੇ ਨਿਰਦੇਸ਼ਾਂ 'ਤੇ ਪੰਜਾਬ ਵਿੱਚ ਹੋਰ ਅਪਰਾਧਾਂ ਨੂੰ ਅੰਜਾਮ ਦੇਣ ਦੀ ਰਚ ਰਹੇ ਸਨ ਸਾਜ਼ਿਸ਼ : ਡੀਜੀਪੀ ਗੌਰਵ ਯਾਦਵ

**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਗਠਿਤ ਅਪਰਾਧ ਦੇ ਖ਼ਾਤਮੇ ਲਈ ਜਾਰੀ ਮੁਹਿੰਮ ਦੌਰਾਨ ਵੱਡੀ ਸਫ਼ਲਤਾ ਹਾਸਲ ਕਰਦਿਆਂ, ਪੰਜਾਬ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਨੇ ਐਸਏਐਸ ਨਗਰ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਕੈਨੇਡਾ ਅਧਾਰਤ ਅੱਤਵਾਦੀ ਅਰਸ਼ ਡੱਲਾ ਅਤੇ ਇੱਕ ਹੋਰ ਵਿਦੇਸ਼ੀ ਹੈਂਡਲਰ ਦੇ ਚਾਰ ਕਾਰਕੁਨਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ .32 ਬੋਰ ਦੇ ਤਿੰਨ ਪਿਸਤੌਲ ਅਤੇ 16 ਕਾਰਤੂਸ ਬਰਾਮਦ ਕੀਤੇ ਗਏ ਹਨ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ), ਪੰਜਾਬ ਗੌਰਵ ਯਾਦਵ ਨੇ ਦਿੱਤੀ।




ਫੜੇ ਗਏ ਵਿਅਕਤੀਆਂ ਦੀ ਪਛਾਣ ਗਗਨਦੀਪ ਸਿੰਘ ਅਤੇ ਨਵਜੋਤ ਸਿੰਘ ਉਰਫ਼ ਨੀਸ਼ੂ ਵਾਸੀ ਅਮਲੋਹ, ਫ਼ਤਹਿਗੜ੍ਹ ਸਾਹਿਬ, ਜੋ ਇਸ ਸਮੇਂ ਖਰੜ ਵਿਖੇ ਕਿਰਾਏ ਦੇ ਮਕਾਨ 'ਚ ਰਹਿ ਰਹੇ ਸਨ; ਪਟਿਆਲਾ ਦੇ ਭਾਦਸੋਂ ਦੇ ਰਹਿਣ ਵਾਲੇ ਲਖਵਿੰਦਰ ਸਿੰਘ ਅਤੇ ਫਰੀਦਕੋਟ ਵਾਸੀ ਵਿਪਨਪ੍ਰੀਤ ਸਿੰਘ ਵਜੋਂ ਹੋਈ ਹੈ। ਗ੍ਰਿਫ਼ਤਾਰ ਮੁਲਜ਼ਮਾਂ ਤੋਂ ਹਥਿਆਰ ਅਤੇ ਗੋਲੀ-ਸਿੱਕਾ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਨ੍ਹਾਂ ਦੀ ਚਿੱਟੇ ਰੰਗ ਦੀ ਸਵਿਫ਼ਟ ਕਾਰ, ਜਿਸ 'ਤੇ ਉਹ ਜਾ ਰਹੇ ਸਨ, ਵੀ ਜ਼ਬਤ ਕਰ ਲਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਨੇ ਆਪਣੇ ਵਿਦੇਸ਼ੀ ਹੈਂਡਲਰ ਦਲਜੀਤ ਸਿੰਘ ਉਰਫ਼ ਨਿੰਦਾ ਦੇ ਨਿਰਦੇਸ਼ਾਂ 'ਤੇ ਬੀਤੀ 1 ਅਤੇ 2 ਦਸੰਬਰ ਦੀ ਦਰਮਿਆਨੀ ਰਾਤ ਨੂੰ ਮੁਹਾਲੀ ਦੇ ਫੇਜ਼ 11 ਸਥਿਤ ਕਾਰ ਐਕਸੈਸਰੀਜ਼ ਦੇ ਸ਼ੋਅਰੂਮ ਦੇ ਮਾਲਕ ਨੂੰ ਡਰਾ ਧਮਕਾ ਕੇ ਉਸ ਤੋਂ ਪੈਸੇ ਵਸੂਲਣ ਦੇ ਇਰਾਦੇ ਨਾਲ ਸ਼ੋਅਰੂਮ 'ਤੇ ਗੋਲੀਆਂ ਚਲਾਉਣ ਦਾ ਜ਼ੁਰਮ ਕਬੂਲਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਉਕਤ ਦਲਜੀਤ ਸਿੰਘ ਉਰਫ਼ ਨਿੰਦਾ ਦਾ ਪੁਰਾਣਾ ਅਪਰਾਧਕ ਰਿਕਾਰਡ ਹੈ, ਜੋ ਫ਼ਰਜ਼ੀ ਪਾਸਪੋਰਟ ਬਣਵਾ ਕੇ ਅਮਰੀਕਾ ਭੱਜ ਗਿਆ ਸੀ ਅਤੇ ਉਥੇ ਅਮਰੀਕਾ-ਅਧਾਰਤ ਕੱਟੜਪੰਥੀ ਗੈਂਗਸਟਰ ਨਾਲ ਜੁੜ ਗਿਆ ਸੀ।

ਡੀਜੀਪੀ ਨੇ ਕਿਹਾ ਕਿ ਇਹ ਮਾਡਿਊਲ ਕੱਟੜਪੰਥੀ ਅਰਸ਼ ਡੱਲਾ ਨਾਲ ਜੁੜਿਆ ਹੋਇਆ ਸੀ ਅਤੇ ਉਸ ਦੇ ਇਸ਼ਾਰੇ 'ਤੇ ਪੰਜਾਬ ਵਿੱਚ ਹੋਰ ਅਪਰਾਧਾਂ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਿਹਾ ਸੀ। ਉਨ੍ਹਾਂ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਸਾਰੇ ਮੁਲਜ਼ਮਾਂ ਦਾ ਪੁਰਾਣਾ ਅਤੇ ਵੱਡਾ ਅਪਰਾਧਕ ਰਿਕਾਰਡ ਹੈ, ਜਿਨ੍ਹਾਂ ਖ਼ਿਲਾਫ਼ ਕਈ ਕੇਸ ਦਰਜ ਹਨ, ਜਦਕਿ ਇਸ ਮਾਡਿਊਲ ਵਿੱਚ ਸ਼ਾਮਲ ਹੋਰ ਵਿਅਕਤੀਆਂ ਦੀ ਪਛਾਣ ਲਈ ਅਗਲੇਰੀ ਜਾਂਚ ਜਾਰੀ ਹੈ। ਆਪ੍ਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਏਡੀਜੀਪੀ ਏਜੀਟੀਐਫ ਪ੍ਰਮੋਦ ਬਾਨ ਨੇ ਕਿਹਾ ਕਿ ਮੋਹਾਲੀ ਵਿਖੇ ਕਾਰ ਐਕਸੈਸਰੀਜ਼ ਦੇ ਸ਼ੋਅਰੂਮ 'ਤੇ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਇਸ ਕੇਸ ਨੂੰ ਸੁਲਝਾਉਣ ਲਈ ਏਆਈਜੀ ਗੁਰਮੀਤ ਚੌਹਾਨ ਅਤੇ ਏਆਈਜੀ ਸੰਦੀਪ ਗੋਇਲ ਦੀ ਨਿਗਰਾਨੀ ਹੇਠ ਅਤੇ ਐਸਐਸਪੀ ਐਸਏਐਸ ਨਗਰ ਦੀਪਕ ਪਾਰੀਕ ਨਾਲ ਤਾਲਮੇਲ ਜ਼ਰੀਏ ਏਜੀਟੀਐਫ ਦੀਆਂ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਟੀਮਾਂ ਨੇ ਘਟਨਾ ਸਥਾਨ ਤੋਂ ਸੀਸੀਟੀਵੀ ਫੁਟੇਜ, ਤਕਨੀਕੀ ਜਾਣਕਾਰੀ ਅਤੇ ਸਬੂਤ ਇਕੱਠੇ ਕੀਤੇ, ਜਿਸ ਨਾਲ ਅਪਰਾਧ ਵਿੱਚ ਸ਼ਾਮਲ ਦੋ ਸ਼ੂਟਰਾਂ ਸਮੇਤ ਮੁਲਜ਼ਮਾਂ ਦੀ ਪਛਾਣ ਹੋਈ। ਉਨ੍ਹਾਂ ਦੱਸਿਆ ਕਿ ਤੇਜ਼ੀ ਨਾਲ ਕਾਰਵਾਈ ਕਰਦਿਆਂ ਏ.ਜੀ.ਟੀ.ਐਫ. ਦੀਆਂ ਵਿਸ਼ੇਸ਼ ਟੀਮਾਂ ਨੇ ਮੁਲਜ਼ਮਾਂ ਨੂੰ ਉਸ ਵੇਲੇ ਸਫ਼ਲਤਾਪੂਰਵਕ ਟਰੇਸ ਕਰ ਲਿਆ ਜਦੋਂ ਉਹ ਆਪਣੀ ਸਵਿਫ਼ਟ ਕਾਰ ਵਿੱਚ ਜਾ ਰਹੇ ਸਨ, ਜਿਸ ਉਪਰੰਤ ਪੁਲਿਸ ਟੀਮਾਂ ਵੱਲੋਂ ਮੁਲਜ਼ਮਾਂ ਨੂੰ ਫੋਕਲ ਪੁਆਇੰਟ, ਮੋਹਾਲੀ ਨੇੜਿਓਂ ਅਪਰਾਧ ਵਿੱਚ ਵਰਤੇ ਗਏ ਹਥਿਆਰਾਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ।

ਏਡੀਜੀਪੀ ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਗਗਨਦੀਪ ਤੇ ਨਵਜੋਤ ਉਰਫ਼ ਨੀਸ਼ੂ ਨੇ ਕਾਰ ਐਕਸੈਸਰੀਜ਼ ਦੇ ਸ਼ੋਅਰੂਮ 'ਤੇ ਗੋਲੀਆਂ ਚਲਾਈਆਂ ਅਤੇ ਮੁਲਜ਼ਮ ਲਖਵਿੰਦਰ ਨੇ ਉਨ੍ਹਾਂ ਨੂੰ ਲੌਜਿਸਟਿਕ ਸਹਾਇਤਾ ਪ੍ਰਦਾਨ ਕਰਨ ਵਿੱਚ ਮਦਦ ਕੀਤੀ ਜਦਿ ਕਿ ਮੁਲਜ਼ਮ ਵਿਪਨਪ੍ਰੀਤ ਵੱਲੋ ਅਰਸ਼ ਡੱਲਾ ਦੇ ਕਹਿਣ 'ਤੇ ਉਨ੍ਹਾਂ ਨੂੰ ਹਥਿਆਰ ਮੁਹੱਈਆ ਕਰਵਾਏ ਗਏ।

ਐਸਐਸਪੀ ਦੀਪਕ ਪਾਰੀਕ ਨੇ ਦੱਸਿਆ ਕਿ ਮੁਲਜ਼ਮ ਗਗਨਦੀਪ ਥਾਣਾ ਅਮਲੋਹ ਵਿਖੇ ਦਰਜ ਡਕੈਤੀ ਦੇ ਕੇਸ ਵਿੱਚ ਵੀ ਪੁਲਿਸ ਨੂੰ ਲੋੜੀਂਦਾ ਸੀ, ਜਦੋਂਕਿ ਮੁਲਜ਼ਮ ਵਿਪਨਪ੍ਰੀਤ ਇਸ ਤੋਂ ਪਹਿਲਾਂ ਮਾਰਚ 2024 ਵਿੱਚ ਜਲੰਧਰ 'ਚ ਇੱਕ ਗਾਇਕ ਉੱਤੇ ਗੋਲੀਆਂ ਚਲਾਉਣ ਅਤੇ ਜਨਵਰੀ 2024 ਵਿੱਚ ਫਰੀਦਕੋਟ ਵਿਖੇ ਗੋਲੀਬਾਰੀ ਦੀ ਘਟਨਾ ਵਿੱਚ ਸ਼ਾਮਲ ਸੀ।

ਇਸ ਸਬੰਧੀ ਪੁਲਿਸ ਥਾਣਾ ਸਟੇਟ ਕ੍ਰਾਈਮ, ਐਸ.ਏ.ਐਸ.ਨਗਰ ਵਿਖੇ ਭਾਰਤੀ ਨਿਆ ਸੰਹਿਤਾ (ਬੀ.ਐਨ.ਐਸ.) ਦੀ ਧਾਰਾ 111 ਅਤੇ 3(5) ਅਤੇ ਅਸਲਾ ਐਕਟ ਦੀ ਧਾਰਾ 25(6)(7) ਤਹਿਤ ਐਫਆਈਆਰ ਨੰਬਰ 40 ਮਿਤੀ 15/12/2024 ਦਰਜ ਕੀਤੀ ਗਈ ਹੈ।

# ਪ੍ਰਭੂ ਦੀ ਸਿਫਤ ਸਲਾਹ 'ਚ ਜੁੜਿਆਂ ਦਾ ਵਿਕਾਰਾਂ ਰੂਪੀ ਠੰਡ ਕੁਝ ਵੀ ਨਹੀਂ ਵਿਗਾੜ ਸਕਦੀ : ਸੰਤ ਅਮੀਰ ਸਿੰਘ :



**ਲੁਧਿਆਣਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਬਾਣੀ ਪ੍ਰਚਾਰ-ਪਸਾਰ ਅਤੇ ਪੁਰਾਤਨ ਗੁਰਮਤਿ ਸੰਗੀਤ ਦੀ ਮੁੜ ਬਹਾਲੀ ਲਈ ਨਿਰੰਤਰ ਕਾਰਜਸ਼ੀਲ ÷ਜਵੱਦੀ ਟਕਸਾਲ÷ ਦੇ ਕੇਂਦਰੀ ਅਸਥਾਨ ਗੁਰਦੁਆਰਾ ਗੁਰਗਿਆਨ ਪ੍ਰਕਾਸ਼ ਸਾਹਿਬ ਵਿਖੇ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਵਲੋਂ ਸਹਿਯੋਗੀ ਸੰਗਤਾਂ ਦੇ ਸਹਿਯੋਗ ਨਾਲ ਪੋਹ ਦੀ ਸੰਗਰਾਂਦ ਮੌਕੇ ਮਹੀਨਾਵਾਰ ਗੁਰਮਤਿ ਸਮਾਗਮ ਅਤੇ ਹਫਤਾਵਾਰੀ ਨਾਮ ਸਿਮਰਨ ਸਮਾਗਮ ਕਰਵਾਇਆ ਗਿਆ। ਜਿਸ ਦੀ ਆਰੰਭਤਾ ਗੁਰ ਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ ਦੇ ਹੋਣਹਾਰ ਵਿਦਿਆਰਥੀਆਂ ਨੇ ਗੁਰ ਸ਼ਬਦ ਕੀਰਤਨ ਕਰਦਿਆਂ ਕੀਤੀ। ਜਵੱਦੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਬਾਰਹ ਮਾਹਾ ਤੁਖਾਰੀ ਅਤੇ ਬਾਰਹ ਮਾਹਾ ਮਾਂਝ ਦੀਆਂ ਪਾਵਨ ਪੌੜੀਆਂ ਦੇ ਮਾਧਿਅਮ ਦੁਆਰਾ ਸਮਝਾਉਂਦਿਆਂ ਫੁਰਮਾਇਆ ਕਿ ਪ੍ਰਭੂ ਦੀ ਸਿਫਤ ਸਲਾਹ 'ਚ ਜੁੜਿਆਂ ਦਾ ਵਿਕਾਰਾਂ ਰੂਪੀ ਠੰਡ ਕੁਝ ਵੀ ਨਹੀਂ ਵਿਗਾੜ ਸਕਦੀ। ਜਿਸ ਦਾ ਚਿੱਤ ਅਰਥਾਤ ਇੱਕ-ਇੱਕ ਸਾਹ ਹਰ ਵੇਲੇ ਪ੍ਰਭੂ ਦੇ ਦੀਦਾਰਾਂ ਲਈ ਚਾਹ ਵਿੱਚ ਜੁੜਿਆ ਰਹਿੰਦਾ ਹੋਵੇ, ਜਿਸ ਜੀਵ ਨੇ ਜਗਤ ਦੇ ਮਾਲਕ ਪਾਲਣਹਾਰ ਪ੍ਰਭੂ ਅਕਾਲ ਪੁਰਖ ÷ਵਾਹਿਗੁਰੂ÷ ਜੀ ਦਾ ਆਸਰਾ ਲਿਆ ਹੋਵੇ, ਉਹ ਹੀ ਪਰਮੇਸ਼ਰ ਦੀ ਸਿਫਤ, ਪਰਮੇਸ਼ਰ ਦੀ ਸੇਵਾ ਵਿੱਚ ਸਫਲਤਾ ਪ੍ਰਾਪਤ ਕਰਦਾ ਹੈ। ਉਨ੍ਹਾਂ ਸਮਝਾਇਆ ਕਿ ਜਿਹੜੇ ਪ੍ਰਭੂ ਦੇ ਗੁਣਾਂ ਦੀ ਵਿਚਾਰ ਕਰਦੇ ਹੋਣ, ਉਨ੍ਹਾਂ ਨੂੰ ਮਾਇਆ ਰੂਪੀ ਹਨੇਰਾ ਛੋਹ ਵੀ ਨਹੀਂ ਸਕਦਾ। ਬਾਬਾ ਜੀ ਨੇ ਸਪੱਸ਼ਟ ਕੀਤਾ ਕਿ ਜਿਸ ਨੂੰ ਪਰਮਾਤਮਾ ਨੇ ਹੀ ਹੱਥ ਫੜ ਕੇ ਆਪਣੇ ਨਾਲ ਜੋੜਿਆ ਹੁੰਦਾ ਹੈ, ਉਹ ਕਦੇ ਵੀ ਉਸ ਤੋਂ ਵਿਛੜਦਾ ਨਹੀਂ। ਅਜਿਹਾ ਸੱਜਣ ਰੂਪੀ ਪਰਮਾਤਮਾ ਅਪਹੁੰਚ ਹੈ। ਉਸ ਦੇ ਗੁਣਾਂ ਦੀ ਡੂੰਘਾਈ ਤੱਕ ਨਹੀਂ ਪਹੁੰਚਿਆ ਜਾ ਸਕਦਾ। ਬਾਬਾ ਜੀ ਨੇ ਬਾਰਹ ਮਾਹਾ ਇਕ ਪੰਗਤੀ ਦੇ ਹਵਾਲੇ ਨਾਲ ਫ਼ੁਰਮਾਇਆ ਕਿ ਪਰਮਾਤਮਾ ਤੋਂ ਲੱਖ ਵਾਰ ਕੁਰਬਾਨ ਜਾਈਏ, ਕਿਉਂਕਿ ਉਹ ਦਰ ਆਇਆਂ-ਸ਼ਰਨ ਪਿਆਂ ਦੀ ਲਾਜ ਰੱਖਦਾ ਹੈ।

ਅਕਾਲ ਪੁਰਖ ਵਾਹਿਗੁਰੂ ਜੀ ਬਹੁਤ ਹੀ ਨਰਮ ਦਿਲ ਵਾਲਾ ਦਿਆਲੂ ਹੈ। ਉਸ ਨੂੰ ਆਪਣੇ ਸ਼ਰਨ ਆਇਆਂ ਦੀ ਲਾਜ ਰੱਖਣੀ ਹੀ ਪੈਂਦੀ ਹੈ। ਬਾਬਾ ਜੀ ਨੇ ਸਮਝਾਇਆ ਕਿ ਜਿਸ ਜੀਵ ਉੱਤੇ ਪਰਮੇਸ਼ਰ ਦੀ ਮਿਹਰਾਂ ਵਾਲੀ ਨਿਗ੍ਹਾ ਪੈ ਜਾਵੇ, ਉਸਨੂੰ ਪੋਹ ਦੀਆ ਕਕਰੀਲੀਆਂ ਠੰਡੀਆਂ ਹਵਾਵਾਂ 'ਚ ਵੀ ਸੁੱਖਾਂ ਨਾਲ ਸੁਹਾਵਣਾ ਤੇ ਨਿੱਘਾ ਅਤੇ ਮਹਿਸੂਸ ਹੋਣ ਲੱਗਦਾ ਹੈ।ਸਮਾਪਤੀ ਉਪਰੰਤ ਬਾਬਾ ਜੀ ਨੇ ਬੇਨਤੀ ਕੀਤੀ ਕਿ ਮਹਾਨ ਸ਼ਹੀਦਾਂ ਦੀ ਯਾਦ ਵਿੱਚ ਮਾਤਾ ਗੁਜ਼ਰ ਕੌਰ ਜੀ ਅਤੇ ਚਾਰ ਸਾਹਿਬਜ਼ਾਦਿਆਂ ਜੀ ਦੀ ਸ਼ਹਾਦਤ ਨੂੰ ਸਮਰਪਿਤ ਮਿਤੀ 21 ਦਸੰਬਰ 2024 ਤੋਂ 28 ਦਸੰਬਰ 2024 ਤੱਕ ਸ਼ਾਮ 7 ਵਜੇ ਤੋਂ ਰਾਤ 8:15 ਵਜੇ ਤੱਕ ਵਿਸ਼ੇਸ਼ ਨਾਮ ਸਿਮਰਨ ਸਮਾਗਮ ਕਰਵਾਏ ਜਾਣਗੇ। ਆਪ ਜੀ ਨੂੰ ਬੇਨਤੀ ਹੈ ਕਿ ਇਹਨਾਂ ਸਮਾਗਮਾਂ ਵਿੱਚ ਹਾਜ਼ਰੀ ਭਰਨ ਦੀ ਕਿਰਪਾਲਤਾ ਕਰਨੀ ਜੀ।

# ਮੁੱਖ ਮੰਤਰੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲੜੀਵਾਰ ਸਮਾਗਮ ਕਰਵਾਉਣ ਲਈ ਦਿੱਤੀ ਪ੍ਰਵਾਨਗੀ

**➢ ਫਰਵਰੀ ਵਿੱਚ ਸੂਬੇ ਵਿੱਚ ਕਰਵਾਇਆ ਜਾਵੇਗਾ ਰੰਗਲਾ ਪੰਜਾਬ ਮੇਲਾ ➢ ਸੈਰ-ਸਪਾਟਾ ਵਿਭਾਗ ਨੂੰ ਸੂਬੇ ਵਿੱਚ ਅਤਿ ਆਧੁਨਿਕ ਸੰਮੇਲਨ ਕੇਂਦਰ ਸਥਾਪਤ ਕਰਨ ਲਈ ਕਿਹਾ**

**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਨੂੰ ਕਿਹਾ ਕਿ ਸੂਬਾ ਸਰਕਾਰ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਗਾਮੀ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਕਰਵਾਏਗੀ।

ਸੈਰ-ਸਪਾਟਾ ਵਿਭਾਗ ਦੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਵੱਡੇ ਪੱਧਰ 'ਤੇ ਮਨਾਏਗੀ। ਉਨ੍ਹਾਂ ਕਿਹਾ ਕਿ ਸੂਬੇ ਭਰ ਵਿੱਚ ਸਮਾਗਮਾਂ ਦੀ ਲੜੀ ਕਰਵਾਈ ਜਾਵੇਗੀ ਅਤੇ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਅਸਥਾਨਾਂ ਦਾ ਵਿਆਪਕ ਵਿਕਾਸ ਯਕੀਨੀ ਬਣਾਇਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਸੈਰ ਸਪਾਟਾ ਵਿਭਾਗ ਨੂੰ ਗੁਰੂ ਸਾਹਿਬ ਦੇ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਲੜੀਵਾਰ ਸਮਾਗਮ ਕਰਵਾਉਣ ਲਈ ਵਿਸਥਾਰਤ ਪ੍ਰੋਗਰਾਮ ਉਲੀਕਣ ਲਈ ਕਿਹਾ।

ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਾਰਮਿਕ ਆਜ਼ਾਦੀ ਦੇ ਅਧਿਕਾਰ ਦੀ ਰਾਖੀ ਅਤੇ ਮਨੁੱਖੀ ਤੇ ਧਰਮ ਨਿਰਪੱਖ ਕਦਰਾਂ-ਕੀਮਤਾਂ ਦੀ ਰਾਖੀ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਮਹਾਨ ਕੁਰਬਾਨੀ ਮਾਨਵਤਾ ਦੇ ਇਤਿਹਾਸ ਵਿੱਚ ਅਦੁੱਤੀ ਅਤੇ ਬੇਮਿਸਾਲ ਹੈ ਅਤੇ ਜ਼ੁਲਮ ਤੇ ਜਬਰ ਵਿਰੁੱਧ ਲੜਾਈ ਦਾ ਪ੍ਰਤੀਕ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨੌਵੇਂ ਗੁਰੂ ਸਾਹਿਬ ਨੇ ਦੇਸ਼ ਵਿੱਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣੀ ਜਾਨ ਕੁਰਬਾਨ ਕੀਤੀ।

ਪੰਜਾਬ ਵਿੱਚ ਸੈਰ ਸਪਾਟੇ ਨੂੰ ਉਤਸ਼ਾਹਤ ਕਰਨ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਫਰਵਰੀ ਵਿੱਚ ਸੂਬੇ ਵਿੱਚ ਰੰਗਲਾ ਪੰਜਾਬ ਫੈਸਟੀਵਲ ਕਰਵਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਫੈਸਟੀਵਲ ਦਾ ਉਦੇਸ਼ ਪੰਜਾਬ ਨੂੰ ਸਭ ਤੋਂ ਵੱਧ ਪਸੰਦੀਦਾ ਵਿਸ਼ਵ ਸੈਰ-ਸਪਾਟਾ ਸਥਾਨ ਵਜੋਂ ਦਰਸਾਉਣਾ ਹੈ ਅਤੇ ਕਿਹਾ ਕਿ ਪੰਜਾਬ ਕੋਲ ਸੁੰਦਰ ਥਾਵਾਂ ਦੇ ਨਾਲ-ਨਾਲ ਅਮੀਰ ਅਤੇ ਸ਼ਾਨਦਾਰ ਸੱਭਿਆਚਾਰਕ ਵਿਰਾਸਤ ਹੈ, ਜੋ ਵਿਸ਼ਵ ਭਰ ਦੇ ਸੈਲਾਨੀਆਂ ਨੂੰ ਆਕਰਸ਼ਿਤ ਕਰ ਸਕਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਨੂੰ ਮਨਪਸੰਦ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕਰਨ ਦੀਆਂ ਵੱਡੀਆਂ ਸੰਭਾਵਨਾਵਾਂ ਹਨ, ਜਿਸ ਲਈ ਹਰ ਸੰਭਵ ਯਤਨ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਲਈ ਸੂਬੇ ਵਿੱਚ ਸੈਰ-ਸਪਾਟੇ ਦੀ ਵਿਆਪਕ ਸੰਭਾਵਨਾ ਨੂੰ ਵਰਤਿਆ ਜਾਣਾ ਚਾਹੀਦਾ ਹੈ।



ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਇਹ ਮੇਲਾ ਪੰਜਾਬ ਦੇ ਸਮਾਜਿਕ-ਆਰਥਿਕ ਵਿਕਾਸ ਲਈ ਪ੍ਰੇਰਕ ਵਜੋਂ ਕੰਮ ਕਰੇਗਾ ਕਿਉਂਕਿ ਇਹ ਸੈਰ ਸਪਾਟੇ ਨੂੰ ਉਤਸ਼ਾਹਤ ਕਰ ਕੇ ਸੂਬੇ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਰਾਹ ਖੋਲ੍ਹੇਗਾ। ਉਨ੍ਹਾਂ ਕਿਹਾ ਕਿ ਇਹ ਸਭ ਤੋਂ ਵਧੀਆ ਸਮਾਂ ਹੈ, ਜਦੋਂ ਸੈਰ-ਸਪਾਟੇ ਨੂੰ ਵੱਡਾ ਹੁਲਾਰਾ ਦੇਣ ਲਈ ਗਤੀਸ਼ੀਲ ਪੰਜਾਬ ਨੂੰ ਦੁਨੀਆ ਭਰ ਦੇ ਲੋਕਾਂ ਸਾਹਮਣੇ ਦਿਖਾਇਆ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਮੇਲਾ ਸੂਬੇ ਵਿੱਚ ਵੱਡੀ ਗਿਣਤੀ ਵਿੱਚ ਸੈਲਾਨੀਆਂ ਨੂੰ ਆਕਰਸ਼ਿਤ ਕਰੇਗਾ ਅਤੇ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦੇਵੇਗਾ।

ਮੁੱਖ ਮੰਤਰੀ ਨੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੂਬੇ ਦੀ ਸ਼ਾਨਦਾਰ ਸੱਭਿਆਚਾਰਕ ਵਿਰਾਸਤ ਨੂੰ ਕਾਇਮ ਰੱਖਣ ਲਈ ਸੂਬੇ ਭਰ ਵਿੱਚ ਵਿਰਾਸਤੀ ਮੇਲੇ ਕਰਵਾਉਣ ਦੀ ਪ੍ਰਵਾਨਗੀ ਦੇ ਦਿੱਤੀ। ਉਨ੍ਹਾਂ ਸੈਰ ਸਪਾਟਾ ਅਤੇ ਸੱਭਿਆਚਾਰਕ ਵਿਭਾਗ ਨੂੰ ਹਰੇਕ ਸਾਲ ਸਮਾਗਮਾਂ ਕਰਵਾਉਣ ਲਈ ਵਿਸਥਾਰਤ ਪ੍ਰਸਤਾਵ ਤਿਆਰ ਕਰਨ ਲਈ ਕਿਹਾ ਤਾਂ ਜੋ ਇਹ ਤਿਉਹਾਰ ਹਰ ਸਾਲ ਮਨਾਏ ਜਾ ਸਕਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਤਿਉਹਾਰਾਂ ਨੂੰ ਵੱਡੇ ਪੱਧਰ 'ਤੇ ਮਨਾਇਆ ਜਾਣਾ ਚਾਹੀਦਾ ਹੈ ਤਾਂ ਜੋ ਸੂਬੇ ਦੀ ਅਮੀਰ ਵਿਰਾਸਤ ਨੂੰ ਵੱਡੇ ਪੱਧਰ 'ਤੇ ਸੰਭਾਲਿਆ ਜਾ ਸਕੇ।

ਮੁੱਖ ਮੰਤਰੀ ਨੇ ਸੈਰ-ਸਪਾਟਾ ਵਿਭਾਗ ਨੂੰ ਪ੍ਰਗਤੀ ਮੈਦਾਨ ਦੀ ਤਰਜ਼ 'ਤੇ ਅਤਿ-ਆਧੁਨਿਕ ਸੰਮੇਲਨ ਕੇਂਦਰਾਂ ਦੀ ਸਥਾਪਨਾ ਦੀ ਸੰਭਾਵਨਾ ਤਲਾਸ਼ਣ ਲਈ ਵੀ ਆਖਿਆ। ਉਨ੍ਹਾਂ ਕਿਹਾ ਕਿ ਇਹ ਕਨਵੈਨਸ਼ਨ ਸੈਂਟਰ ਅੰਮ੍ਰਿਤਸਰ, ਲੁਧਿਆਣਾ ਅਤੇ ਨਿਊ ਚੰਡੀਗੜ੍ਹ ਵਰਗੇ ਵੱਡੇ ਸ਼ਹਿਰਾਂ ਵਿੱਚ ਸਥਾਪਤ ਕੀਤੇ ਜਾਣੇ ਚਾਹੀਦੇ ਹਨ ਅਤੇ ਇਨ੍ਹਾਂ ਵਿੱਚ ਹਾਊਸ ਅਰੀਨਾ, ਹੋਟਲ, ਸ਼ਾਪਿੰਗ ਮਾਲ ਅਤੇ ਹੋਰ ਸਥਾਨ ਹੋਣੇ ਚਾਹੀਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਨਾਮਵਰ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧੀ ਪ੍ਰਾਪਤ ਕਲਾਕਾਰਾਂ ਦੇ ਵੱਡੇ ਸ਼ੋਅ ਕਰਵਾ ਕੇ ਸੂਬੇ ਵਿੱਚ ਸੈਰ-ਸਪਾਟੇ ਨੂੰ ਹੁਲਾਰਾ ਦੇਣ ਵਿੱਚ ਸਹਾਈ ਹੋਵੇਗਾ।

ਮੁੱਖ ਮੰਤਰੀ ਨੇ ਵਿਭਾਗ ਨੂੰ ਰਣਜੀਤ ਸਾਗਰ ਡੈਮ, ਸ਼ਾਹਪੁਰ ਕੰਢੀ ਡੈਮ ਅਤੇ ਸੂਬੇ ਦੇ ਕੰਢੀ ਖੇਤਰਾਂ ਦੇ ਆਲੇ-ਦੁਆਲੇ ਦੇ ਖੇਤਰਾਂ ਨੂੰ ਹੋਰ ਵਿਕਸਤ ਕਰਨ ਲਈ ਵਿਸਤ੍ਰਿਤ ਯੋਜਨਾ ਤਿਆਰ ਕਰਨ ਲਈ ਵੀ ਆਖਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਤਰਾਂ ਨੂੰ ਵਿਸ਼ਵ ਭਰ ਦੇ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਲਈ ਆਦਰਸ਼ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕੀਤਾ ਜਾ ਸਕਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਖੇਤਰਾਂ ਨੂੰ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕਰਨ ਦੀ ਵੱਡੀ ਸੰਭਾਵਨਾ ਹੈ, ਜਿਸ ਲਈ ਹਰ ਸੰਭਵ ਯਤਨ ਕੀਤੇ ਜਾਣੇ ਚਾਹੀਦੇ ਹਨ।

ਇਸ ਦੌਰਾਨ ਮੁੱਖ ਮੰਤਰੀ ਨੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਕਿ ਕਿਲ੍ਹਾ ਮੁਬਾਰਕ ਵਿੱਚ ਬਣੇ ਪੰਜਾਬ ਦੇ ਪਹਿਲੇ ਬੁਟੀਕ ਹੋਟਲ ਦੀ ਅਜ਼ਮਾਇਸ਼ ਸ਼ੁਰੂ ਹੋ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਆਉਣ ਵਾਲੇ ਦਿਨਾਂ ਵਿਚ ਸ਼ਾਹੀ ਸ਼ਹਿਰ ਦੇ ਦੌਰੇ ਦੌਰਾਨ ਹੋਟਲ ਜ਼ਰੂਰ ਜਾਣਗੇ।

ਉਨ੍ਹਾਂ ਕਿਹਾ ਕਿ ਪੀ.ਪੀ.ਪੀ. ਮੋਡ 'ਤੇ ਬਣਾਇਆ ਗਿਆ ਇਹ ਹੋਟਲ ਆਰਾਮ, ਪ੍ਰਾਹੁਣਚਾਰੀ ਅਤੇ ਸੁੰਦਰਤਾ ਵਿੱਚ ਨਵਾਂ ਮਾਪਦੰਡ ਸਥਾਪਤ ਕਰੇਗਾ ਅਤੇ ਇਹ ਡੈਸਟੀਨੇਸ਼ਨ ਵੈਡਿੰਗਜ਼ ਅਤੇ ਹੋਰ ਸਮਾਗਮਾਂ ਲਈ ਪਸੰਦੀਦਾ ਸਥਾਨ ਹੋਵੇਗਾ।

# ਵਾਰਡ ਨੰ: 54 ਦਾ ਨਾਅਰਾ, ਕਾਂਗਰਸ ਪਾਰਟੀ ਦਾ ਦਿਲਰਾਜ ਸਿੰਘ ਹੀ ਦੁਬਾਰਾ ਬਣੇ ਕੌਂਸਲਰ ਹਮਾਰਾ

**ਲੁਧਿਆਣਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪਾਰਟੀ ਦੇ ਬਹੁਤ ਹੀ ਮਿਹਨਤੀ ਤੇ ਜੁਝਾਰੂ ਸਾਬਕਾ ਕੌਂਸਲਰ ਦਿਲਰਾਜ ਸਿੰਘ ਨੂੰ ਵਾਰਡ ਨੰ: 54 ਦੇ ਲੋਕਾਂ ਦਾ ਇਹੀ ਨਾਅਰਾ ਸੱਚ ਹੁੰਦਾ ਲੱਗ ਰਿਹਾ ਹੈ ਕਿ ਇਸ ਵਾਰ ਵੀ ਦਿਲਰਾਜ ਹੀ ਸਾਡਾ ਕੌਂਸਲਰ ਬਣੇ। ਮੀਡਿਆ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਸਮਝ ਆ ਗਈ ਹੈ ਕਿ ਕਾਂਗਰਸ ਪਾਰਟੀ ਹੀ ਲੋਕਾਂ ਦੇ ਲਈ ਸਹੀ ਹੈ। ਕਿਉਂਕਿ ਅਸੀਂ ਬਦਲਾਅ ਵਾਲਿਆਂ ਨੂੰ ਵੀ ਮੌਕਾ ਦੇਕੇ ਦੇਖ ਲਿਆ ਹੈ। ਪਰ ਕੁੱਝ ਵੀ ਨਹੀਂ ਹੋਇਆ, ਉਲਟਾ ਪੰਜਾਬ ਦੀ ਸਥਿਤੀ ਹੋਰ ਵੀ ਜਿਆਦਾ ਵਿਗੜ ਗਈ ਹੈ। ਇਸ ਲਈ ਹੁਣ ਲੋਕਾਂ ਨੇ ਕਾਂਗਰਸ ਪਾਰਟੀ ਨੂੰ ਹੀ ਮੌਕਾ ਦੇਣ ਦਾ ਮਨ ਬਣਾ ਲਿਆ ਹੈ।



ਇਸ ਵਾਰ ਲੋਕ ਵੱਧ ਤੋਂ ਵੱਧ ਵੋਟਾਂ ਕਾਂਗਰਸੀ ਉਮੀਦਵਾਰਾਂ ਨੂੰ ਪਾਕੇ ਮੇਯਰ ਵੀ ਕਾਂਗਰਸ ਦਾ ਹੀ ਬਣਾਉਣਗੇ।

# ਖੇਤੀਬਾੜੀ ਮੰਤਰੀ ਨੇ ਖੇਤੀ ਮੰਡੀਕਰਨ ਬਾਰੇ ਕੌਮੀ ਨੀਤੀ ਢਾਂਚੇ 'ਤੇ ਚਰਚਾ ਲਈ ਕਿਸਾਨਾਂ ਅਤੇ ਸਬੰਧਤ ਭਾਈਵਾਲਾਂ ਨਾਲ ਹੰਗਾਮੀ ਮੀਟਿੰਗ ਸੱਦੀ

**➢ ਨੀਤੀ ਦੇ ਖਰੜੇ ਦਾ ਇਕ ਵੀ ਨੁਕਤਾ ਵਿਚਾਰ ਖੁਣੋਂ ਨਾ ਰਹਿ ਜਾਵੇ, ਖੇਤੀਬਾੜੀ ਮੰਤਰੀ ਵੱਲੋਂ ਅਧਿਕਾਰੀਆਂ ਨੂੰ ਹਦਾਇਤ**
**➢ ਨੀਤੀ ਦੇ ਖਰੜੇ 'ਤੇ ਟਿੱਪਣੀਆਂ ਭੇਜਣ ਲਈ ਡਰਾਫਟਿੰਗ ਕਮੇਟੀ ਨੂੰ ਤਿੰਨ ਹਫਤਿਆਂ ਦਾ ਸਮਾਂ ਦੇਣ ਵਾਸਤੇ ਪੱਤਰ ਲਿਖਿਆ**

**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਇੱਥੇ ਆਪਣੇ ਦਫ਼ਤਰ ਵਿਖੇ ਖੇਤੀ ਮੰਡੀਕਰਨ ਬਾਰੇ ਕੌਮੀ ਨੀਤੀ ਢਾਂਚੇ ਦੇ ਖਰੜੇ 'ਤੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਸੰਜੀਦਗੀ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਸਬੰਧੀ ਸਲਾਹ-ਮਸ਼ਵਰੇ ਅਤੇ ਚਰਚਾ ਲਈ ਇਸੇ ਹਫ਼ਤੇ ਕਿਸਾਨਾਂ ਅਤੇ ਸਬੰਧਤ ਭਾਈਵਾਲਾਂ ਨਾਲ ਮੀਟਿੰਗ ਸੱਦਣ ਦਾ ਫੈਸਲਾ ਕੀਤਾ ਹੈ। ਸ. ਗੁਰਮੀਤ ਸਿੰਘ ਖੁੱਡੀਆਂ, ਜਿਨ੍ਹਾਂ ਨਾਲ ਵਧੀਕ ਮੁੱਖ ਸਕੱਤਰ ਖੇਤੀਬਾੜੀ ਅਤੇ ਕਿਸਾਨ ਭਲਾਈ ਸ੍ਰੀ ਅਨੁਰਾਗ ਵਰਮਾ, ਪੰਜਾਬ ਰਾਜ ਕਿਸਾਨ ਤੇ ਖੇਤ ਮਜ਼ਦੂਰ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ, ਸਕੱਤਰ ਪੰਜਾਬ ਮੰਡੀ ਬੋਰਡ ਸ੍ਰੀ ਰਾਮਵੀਰ ਵੀ ਮੌਜੂਦ ਸਨ, ਨੇ ਵਿਭਾਗ ਦੇ ਅਧਿਕਾਰੀਆਂ ਨੂੰ ਕਿਸਾਨਾਂ ਦੇ ਨੁਮਾਇੰਦਿਆਂ, ਖੇਤੀ ਮਾਹਿਰਾਂ ਅਤੇ ਹੋਰ ਭਾਈਵਾਲਾਂ ਨਾਲ ਤੁਰੰਤ ਮੀਟਿੰਗ ਬੁਲਾ ਕੇ ਭਾਰਤ ਸਰਕਾਰ ਵੱਲੋਂ ਸਾਂਝੇ ਕੀਤੇ ਗਏ ਨੀਤੀ ਦੇ ਖਰੜੇ ਦਾ ਗੰਭੀਰਤਾ ਨਾਲ ਅਧਿਐਨ ਅਤੇ ਸਲਾਹ-ਮਸ਼ਵਰਾ ਕਰਨ ਲਈ ਕਿਹਾ ਹੈ।



ਉਨ੍ਹਾਂ ਕਿਹਾ ਕਿ ਇਸ ਨੀਤੀ ਦੇ ਖਰੜੇ ਦਾ ਡੂੰਘਾਈ ਨਾਲ ਅਧਿਐਨ ਕਰਨ ਅਤੇ ਸਬੰਧਤ ਭਾਈਵਾਲਾਂ ਨਾਲ ਸਲਾਹ-ਮਸ਼ਵਰੇ ਦੀ ਲੋੜ ਹੈ ਕਿਉਂਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਸਦੇ ਪੰਜਾਬ ਅਤੇ ਇਸ ਦੇ ਕਿਸਾਨਾਂ ਲਈ ਗੰਭੀਰ ਪ੍ਰਭਾਵ ਹੋ ਸਕਦੇ ਹਨ। ਉਨ੍ਹਾਂ ਦੱਸਿਆ ਕਿ ਖੇਤੀਬਾੜੀ ਵਿਭਾਗ ਵੱਲੋਂ ਨੀਤੀ ਦੇ ਖਰੜੇ 'ਤੇ ਟਿੱਪਣੀਆਂ ਭੇਜਣ ਲਈ ਘੱਟੋ-ਘੱਟ ਤਿੰਨ ਹਫ਼ਤਿਆਂ ਦਾ ਸਮਾਂ ਦੇਣ ਵਾਸਤੇ ਉਪ ਖੇਤੀਬਾੜੀ ਮੰਡੀਕਰਨ ਸਲਾਹਕਾਰ ਅਤੇ ਡਰਾਫਟ ਕਮੇਟੀ, ਭਾਰਤ ਸਰਕਾਰ ਦੇ ਕਨਵੀਨਰ ਡਾ. ਐੱਸ.ਕੇ. ਸਿੰਘ ਨੂੰ ਪਹਿਲਾਂ ਹੀ ਪੱਤਰ ਭੇਜਿਆ ਜਾ ਚੁੱਕਾ ਹੈ।

ਸੂਬੇ ਦੇ ਕਿਸਾਨਾਂ ਦੀ ਭਲਾਈ ਲਈ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਦ੍ਰਿੜ੍ਹ ਸਟੈਂਡ ਦੀ ਪੁਸ਼ਟੀ ਕਰਦਿਆਂ ਖੇਤੀਬਾੜੀ ਮੰਤਰੀ ਨੇ ਅਧਿਕਾਰੀਆਂ ਨੂੰ ਖਰੜਾ ਨੀਤੀ ਦਾ ਡੂੰਘਾਈ ਨਾਲ ਅਧਿਐਨ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ ਦੀ ਇੱਕ ਵੀ ਨੁਕਤਾ ਵਿਚਾਰ ਖੁਣੋਂ ਨਾ ਰਹਿ ਜਾਵੇ, ਜੋ ਕਿਸਾਨਾਂ ਲਈ ਭਵਿੱਖ ਵਿੱਚ ਮਹਿੰਗਾ ਸਾਬਤ ਹੋਵੇ।

ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਮੰਡੀ ਬੋਰਡ ਵਿਸ਼ੇਸ਼ ਕਰਕੇ ਸੂਬੇ ਦੇ ਖੇਤੀ ਮੰਡੀਕਰਨ ਢਾਂਚੇ ਦੀ ਮਜ਼ਬੂਤੀ ਲਈ ਘੱਟੋ-ਘੱਟ ਸਮਰਥਨ ਮੁੱਲ, ਮੰਡੀ ਫੀਸ ਵਰਗੇ ਮੁੱਦਿਆਂ 'ਤੇ ਵਿਸ਼ੇਸ਼ ਧਿਆਨ ਦੇਣ ਦੇ ਨਾਲ-ਨਾਲ ਵੱਡੇ ਕਾਰਪੋਰੇਟਾਂ ਤੋਂ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਸੁਰੱਖਿਅਤ ਮਾਹੌਲ ਯਕੀਨੀ ਬਣਾਉਣ ਲਈ ਵੀ ਕਿਹਾ।

ਇਸ ਉੱਚ ਪੱਧਰੀ ਮੀਟਿੰਗ ਵਿੱਚ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਸ੍ਰੀ ਜਸਵੰਤ ਸਿੰਘ, ਆਰਥਿਕ ਅਤੇ ਸਮਾਜ ਸ਼ਾਸਤਰ (ਪੀ.ਏ.ਯੂ.) ਵਿਭਾਗ ਦੇ ਮੁਖੀ ਡਾ. ਜਤਿੰਦਰ ਮੋਹਨ ਸਿੰਘ ਅਤੇ ਪੰਜਾਬ ਮੰਡੀ ਬੋਰਡ ਤੇ ਖੇਤੀਬਾੜੀ ਵਿਭਾਗ ਦੇ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

# ਕਾਲਜਾਂ 'ਚ ਵੱਡਾ ਘੁਟਾਲਾ; 50 ਵਿਦਿਆਰਥੀਆਂ ਨੂੰ ਦਿੱਤਾ ਜਾਅਲੀ ਦਾਖਲਾ, ਵਸੂਲੇ 3-3 ਲੱਖ ਰੁਪਏ

ਏਜੰਸੀਆਂ

ਨੈਸ਼ਨਲ ਡੈਸਕ 19 ਦਸੰਬਰ। ਮਹਾਰਾਸਟਰ ਦੀ ਰਾਜਧਾਨੀ ਮੁੰਬਈ ਵਿੱਚ ਇੱਕ ਵੱਡਾ ਘੁਟਾਲਾ ਸਾਹਮਣੇ ਆਇਆ ਹੈ। ਇੱਥੋਂ ਦੇ ਤਿੰਨ ਕਾਲਜਾਂ ਵਿੱਚ ਦਾਖਲੇ ਦੇ ਨਾਂ 'ਤੇ 50 ਵਿਦਿਆਰਥੀਆਂ ਤੋਂ 3-3 ਲੱਖ ਰੁਪਏ ਵਸੂਲੇ ਗਏ। ਜਾਅਲੀ ਦਸਤਾਵੇਜਾਂ ਦੇ ਆਧਾਰ




'ਤੇ ਦਾਖਲਾ ਵੀ ਦਿੱਤਾ ਗਿਆ। ਪੁਲਸ ਮਾਮਲੇ 'ਚ 3 ਦੋਸੀਆਂ ਦੀ ਭਾਲ ਕਰ ਰਹੀ ਹੈ। ਵਿਦਿਆਵਿਹਾਰ ਦੇ ਕੇ.ਜੇ. ਸੋਮਈਆ ਕਾਲਜ ਦੇ ਦੋ ਕਰਮਚਾਰੀਆਂ ਅਤੇ ਇੱਕ ਹੋਰ ਵਿਅਕਤੀ ਨੂੰ ਤਿੰਨ ਬਾਹਰੀ ਲੋਕਾਂ ਦੀ ਮਦਦ ਨਾਲ ਦਾਖਲਾ ਰੈਕੇਟ ਚਲਾਉਣ ਦੇ ਦੋਸ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਕੇ.ਜੇ. ਸੋਮਈਆ ਕਾਲਜ ਆਫ ਆਰਟਸ ਐਂਡ ਕਾਮਰਸ ਦੇ ਪ੍ਰਿੰਸੀਪਲ ਡਾ.ਕਿਸਨ ਪਵਾਰ ਨੂੰ ਸਿ਼ਕਾਇਤ ਦਿੱਤੀ ਸੀ। ਉਨ੍ਹਾਂ ਦੋਸ ਲਾਇਆ ਕਿ ਜਾਅਲੀ ਮਾਰਕਸੀਟਾਂ ਅਤੇ ਸਕੂਲ ਛੱਡਣ ਦੇ ਸਰਟੀਫਿਕੇਟਾਂ ਦੀ ਵਰਤੋਂ ਕਰਕੇ 50 ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਗਿਆ। ਪ੍ਰਿੰਸੀਪਲ ਅਨੁਸਾਰ ਕੇ.ਜੇ. ਸੋਮਈਆ ਕਾਲਜ ਆਫ ਆਰਟਸ ਐਂਡ ਕਾਮਰਸ, ਐਸ.ਕੇ. ਸੋਮਈਆ ਵਿਨੈ ਮੰਦਰ ਜੂਨੀਅਰ ਕਾਲਜ ਅਤੇ ਕੇ.ਜੇ. ਸੋਮਈਆ ਕਾਲਜ ਆਫ ਸਾਇੰਸ ਐਂਡ ਕਾਮਰਸ ਵਿੱਚ ਦਾਖਲੇ ਦੇ ਨਾਂ 'ਤੇ ਧਾਂਦਲੀ ਹੋ ਰਹੀ ਹੈ। ਪੁਲਸ ਨੇ ਇਸ ਮਾਮਲੇ 'ਚ 49 ਸਾਲਾ ਮਹਿੰਦਰ ਵਿਸਨੂੰ ਪਾਟਿਲ, 43 ਸਾਲਾ ਅਰਜੁਨ ਵਸਰਾਮ ਰਾਠੌੜ ਅਤੇ 55 ਸਾਲਾ ਦੇਵੇਂਦਰ ਸਯਾਦੇ ਨੂੰ ਗ੍ਰਿਫਤਾਰ ਕੀਤਾ ਹੈ। ਪਾਟਿਲ ਐਸਕੇ ਸੋਮਈਆ ਵਿਨੈ ਮੰਦਰ ਜੂਨੀਅਰ ਕਾਲਜ ਵਿੱਚ ਕਲਰਕ ਹਨ। ਇਸ ਦੌਰਾਨ ਰਾਠੌਰ ਕੇ.ਜੇ. ਸੋਮਈਆ ਕਾਲਜ ਆਫ ਆਰਟਸ ਐਂਡ ਕਾਮਰਸ ਵਿੱਚ ਕਲਰਕ ਹੈ। ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਮੁਤਾਬਕ ਡੀ.ਸੀ.ਪੀ. ਨਵਨਾਥ ਧਾਵਲੇ ਨੇ ਮਾਮਲੇ ਦੀ ਪੁਸਟੀ ਕੀਤੀ ਹੈ। ਪੁਲਸ ਇਸ ਰੈਕੇਟ ਵਿੱਚ ਸਾਮਲ ਜੀਤੂ ਭਾਈ, ਬਾਬੂ ਭਾਈ ਅਤੇ ਕਮਲੇਸ ਭਾਈ ਦੀ ਭਾਲ ਕਰ ਰਹੀ ਹੈ। ਮੁਲਜਮਾਂ ਨੇ ਜਾਅਲੀ ਸਰਟੀਫਿਕੇਟ ਤਿਆਰ ਕਰਕੇ 50 ਵਿਦਿਆਰਥੀਆਂ ਨੂੰ ਵੱਖ-ਵੱਖ ਕਾਲਜਾਂ ਵਿੱਚ ਦਾਖਲਾ ਦਿਵਾਇਆ ਸੀ। ਜਿ਼ਆਦਾਤਰ ਵਿਦਿਆਰਥੀ , , ਅਤੇ ਵਰਗੇ ਬੋਰਡਾਂ ਦੇ ਸਨ। ਆਨਲਾਈਨ ਦਾਖਲਾ ਪ੍ਰਕਿਰਿਆ ਦੌਰਾਨ ਉਨ੍ਹਾਂ ਦਾ ਡਾਟਾ ਬਦਲਿਆ ਗਿਆ ਸੀ। ਇਹ ਲੋਕ ਇਸ ਸਾਲ ਜੂਨ ਤੋਂ ਰੈਕੇਟ ਚਲਾ ਰਹੇ ਸਨ। ਮੁਲਜਮ ਉਨ੍ਹਾਂ ਵਿਦਿਆਰਥੀਆਂ ਨਾਲ ਸੰਪਰਕ ਕਰਦਾ ਸੀ ਜਿਨ੍ਹਾਂ ਦੇ ਨਾਂ ਤੀਜੀ ਮੈਰਿਟ ਸੂਚੀ ਵਿੱਚ ਨਹੀਂ ਆਉਂਦੇ ਸਨ। ਫਰਜੀ ਦਾਖਲੇ ਦੇ ਨਾਂ 'ਤੇ ਉਸ ਦੇ ਮਾਤਾ-ਪਿਤਾ ਨਾਲ 3 ਲੱਖ ਰੁਪਏ 'ਚ ਸੌਦਾ ਹੋਇਆ ਸੀ।

# ਕੈਂਸਰ ਛੂ-ਮੰਤਰ ! ਰੂਸ ਵਲੋਂ ਟੀਕਾ ਲੱਭਣ ਦਾ ਦਾਅਵਾ, ਪੂਰੇ ਦੇਸ਼ ਨੂੰ ਲੱਗੇਗਾ ਫਰੀ

ਸਰਦੂਲ ਸਿੰਘ

ਨਵੀਂ ਦਿੱਲੀ 19 ਦਸੰਬਰ। ਸਾਲ 2019 ਵਿਚ ਪੂਰੀ ਦੁਨੀਆ ਵਿਚ ਕੋਰੋਨਾ ਕਾਰਨ ਤਬਾਹੀ ਮਚੀ ਹੋਈ ਸੀ, ਕੁਝ ਹੀ ਸਮੇਂ ਵਿਚ ਪੂਰੀ ਦੁਨੀਆ ਕੋਵਿਡ-19 ਕਾਰਨ ਪਿੰਜਰੇ (ਘਰਾਂ ਅੰਦਰ) ਵਿਚ ਕੈਦ ਹੋ ਗਈ ਸੀ। ਹਾਲਾਂਕਿ, ਦੋ ਸਾਲਾਂ ਦੇ ਅੰਦਰ ਪੂਰੀ ਦੁਨੀਆ ਇਸ ਸਮੱਸਿਆ ਨੂੰ ਖਤਮ ਕਰਨ ਵਿੱਚ ਸਫਲ ਰਹੀ। ਹਾਲਾਂਕਿ, ਅਜੇ ਵੀ ਇੱਕ ਅਜਿਹੀ ਬਿਮਾਰੀ ਹੈ ਜਿਸਦਾ ਇਲਾਜ ਦੁਨੀਆ ਵਿੱਚ ਕਿਤੇ ਵੀ ਨਹੀਂ ਲੱਭਿਆ ਗਿਆ ਹੈ। ਇਸ ਬੀਮਾਰੀ ਬਾਰੇ ਸੁਣਦੇ ਹੀ ਲੋਕਾਂ ਦੇ ਹੋਸ ਉੱਡ ਜਾਂਦੇ ਹਨ। ਇਹ ਬਿਮਾਰੀ ਹੋਰ ਕੁਝ ਨਹੀਂ ਸਗੋਂ ਤੇਜੀ ਨਾਲ ਵੱਧ ਰਿਹਾ ਕੈਂਸਰ ਹੈ। ਹਾਲਾਂਕਿ ਹੁਣ ਰੂਸ ਨੇ ਆਪਣੇ ਐਲਾਨ ਨਾਲ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ। ਰੂਸੀ ਸਰਕਾਰ ਦਾ ਕਹਿਣਾ ਹੈ ਕਿ ਉਸਨੇ ਕੈਂਸਰ ਦੇ ਵਿਰੁੱਧ ਆਪਣਾ ਟੀਕਾ ਵਿਕਸਤ ਕੀਤਾ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਇਹ ਟੀਕਾ 2025 ਦੇ ਸੁਰੂ ਵਿੱਚ ਲਾਂਚ ਕੀਤਾ ਜਾਵੇਗਾ। ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਨੂੰ ਸਦੀ ਦੀ ਸਭ ਤੋਂ ਵੱਡੀ ਖੋਜ ਕਿਹਾ ਜਾ ਸਕਦਾ ਹੈ। ਰੂਸੀ ਸਮਾਚਾਰ ਏਜੰਸੀ ਨੇ ਦੱਸਿਆ ਕਿ ਰੂਸ ਨੇ ਕੈਂਸਰ ਦੇ ਖਿਲਾਫ ਆਪਣਾ ਵੈਕਸੀਨ ਵਿਕਸਿਤ ਕੀਤਾ ਹੈ। ਗਮਾਲੇਆ ਨੈਸਨਲ ਰਿਸਰਚ ਸੈਂਟਰ ਫਾਰ ਐਪੀਡੈਮਿਓਲੋਜੀ ਅਤੇ ਮਾਈਕ੍ਰੋਬਾਇਓਲੋਜੀ ਦੇ ਡਾਇਰੈਕਟਰ ਅਲੈਗਜੈਂਡਰ ਗਿੰਟਸਬਰਗ ਨੇ ਨੂੰ ਦੱਸਿਆ ਕਿ ਵੈਕਸੀਨ ਦੇ ਪ੍ਰੀ-ਕਲੀਨਿਕਲ ਅਜਮਾਇਸਾਂ ਨੇ ਦਿਖਾਇਆ ਹੈ ਕਿ ਇਹ ਟਿਊਮਰ ਦੇ ਵਿਕਾਸ ਅਤੇ ਸੰਭਾਵਿਤ ਮੈਟਾਸਟੇਸਿਸ ਨੂੰ ਰੋਕਦਾ ਹੈ। ਇਸ ਸਾਲ ਦੇ ਸੁਰੂ ਵਿੱਚ, ਰੂਸੀ ਰਾਸਟਰਪਤੀ ਵਲਾਦੀਮੀਰ ਪੁਤਿਨ ਨੇ ਟੈਲੀਵਿਜਨ ਟਿੱਪਣੀਆਂ ਵਿੱਚ




ਕਿਹਾ ਸੀ ਕਿ ਅਸੀਂ ਅਖੌਤੀ ਕੈਂਸਰ ਵੈਕਸੀਨ ਅਤੇ ਨਵੀਂ ਪੀੜ੍ਹੀ ਦੀ ਇਮਯੂਨੋਮੋਡੂਲੇਟਰੀ ਦਵਾਈਆਂ ਬਣਾਉਣ ਦੇ ਬਹੁਤ ਨੇੜੇ ਆ ਗਏ ਹਾਂ। ਇੱਕ ਘੰਟੇ ਵਿੱਚ ਵੈਕਸੀਨ ਵਿਕਸਿਤ ਕਰ ਸਕਦਾ ਹੈ। ਵੈਕਸੀਨ ਅਜਮਾਇਸਾਂ ਦੇ ਵਿਚਕਾਰ, ਰੂਸ ਦੇ ਟੀਕੇ ਦੇ ਮੁਖੀ ਗਿੰਟਸਬਰਗ ਨੇ ਮੀਡੀਆ ਨੂੰ ਦੱਸਿਆ ਕਿ ਏਆਈ ਨੈਟਵਰਕ ਦੀ ਵਰਤੋਂ ਵਿਅਕਤੀਗਤ ਕੈਂਸਰ ਵੈਕਸੀਨ ਬਣਾਉਣ ਲਈ ਲੋੜੀਂਦੀ ਕੰਪਿਊਟਿੰਗ ਦੀ ਮਿਆਦ ਨੂੰ ਘਟਾ ਸਕਦੀ ਹੈ, ਜੋ ਕਿ ਵਰਤਮਾਨ ਵਿੱਚ ਇੱਕ ਲੰਮੀ ਪ੍ਰਕਿਰਿਆ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਇੱਕ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਟੀਕਾ ਤਿਆਰ ਕੀਤਾ ਜਾ ਸਕਦਾ ਹੈ। ਉਸਨੇ ਸਮਝਾਇਆ ਕਿ ਵਿਅਕਤੀਗਤ ਟੀਕੇ ਬਣਾਉਣ ਵਿੱਚ ਬਹੁਤ ਸਮਾਂ ਲੱਗਦਾ ਹੈ ਕਿਉਂਕਿ ਇਹ ਗਣਨਾ ਕਰਨਾ ਕਿ ਵੈਕਸੀਨ ਜਾਂ ਕਸਟਮਾਈਜਡ ਕਿਹੋ ਜਿਹਾ ਦਿਖਾਈ ਦੇਣਾ ਚਾਹੀਦਾ ਹੈ ਗਣਿਤ ਦੇ ਰੂਪ ਵਿੱਚ ਮੈਟ੍ਰਿਕਸ ਵਿਧੀਆਂ ਦੀ ਵਰਤੋਂ ਕਰਦਾ ਹੈ। ਅਸੀਂ ਇਵਾਨੀਕੋਵ ਇੰਸਟੀਚਿਊਟ ਨੂੰ ਸਾਮਲ ਕੀਤਾ ਹੈ ਜੋ ਇਸ ਗਣਿਤ ਨੂੰ ਕਰਨ ਲਈ 'ਤੇ ਨਿਰਭਰ ਕਰੇਗਾ, ਅਰਥਾਤ ਨਿਊਰਲ ਨੈੱਟਵਰਕ ਕੰਪਿਊਟਿੰਗ ਜਿੱਥੇ ਇਹ ਪ੍ਰਕਿਰਿਆਵਾਂ ਅੱਧੇ ਘੰਟੇ ਤੋਂ ਲੈ ਕੇ ਇਕ ਘੰਟਾ ਦਾ ਸਮਾਂ ਲੈ ਸਕਦੀਆਂ ਹਨ। ਰੋਕਥਾਮ ਵਾਲੇ ਟੀਕੇ ਜਿਵੇਂ ਕਿ ਵੈਕਸੀਨ ਕੈਂਸਰ ਨਾਲ ਜੁੜੇ ਵਾਇਰਸਾਂ ਤੋਂ ਸੁਰੱਖਿਆ ਪ੍ਰਦਾਨ ਕਰਦੇ ਹਨ। ਜਿਸ ਕਾਰਨ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਵਰਗੇ ਕੁਝ ਕੈਂਸਰਾਂ ਦਾ ਖਤਰਾ ਘੱਟ ਜਾਂਦਾ ਹੈ। ਸਰੀਰ ਦੀ ਕੁਦਰਤੀ ਸੁਰੱਖਿਆ ਨੂੰ ਵਧਾ ਕੇ, ਟੀਕੇ ਟਿਊਮਰ ਦੇ ਵਿਕਾਸ ਨੂੰ ਹੌਲੀ ਕਰ ਸਕਦੇ ਹਨ। ਮੁੜ ਹੋਣ ਨੂੰ ਰੋਕ ਸਕਦਾ ਹੈ ਜਾਂ ਸੁਰੂਆਤੀ ਪੜਾਅ ਦੇ ਕੈਂਸਰ ਨੂੰ ਵੀ ਖਤਮ ਕਰ ਸਕਦਾ ਹੈ। ਜੋ ਕਿ ਔਨਕੋਲੋਜੀ ਵਿੱਚ ਇੱਕ ਵੱਡੀ ਪ੍ਰਾਪਤੀ ਹੋਵੇਗੀ।

## 44 ਸਾਲ ਬਾਅਦ ਟੁੱਟਿਆ ਵਿਆਹ, ਪਤੀ ਨੇ ਪਤਨੀ ਨੂੰ ਦਿੱਤਾ 3 ਕਰੋੜ ਦਾ ਗੁਜਾਰਾ ਭੱਤਾ

ਕਰਨਾਲ 19 ਦਸੰਬਰ। ਅੱਜ ਦੇ ਸਮੇਂ 'ਚ ਵਿਆਹ ਜਿਹਾ ਪਵਿੱਤਰ ਰਿਸ਼ਤਾ ਲੰਬੇ ਸਮੇਂ ਤੱਕ ਨਹੀਂ ਚੱਲ ਰਿਹਾ ਹੈ। ਲੜਾਈ-ਝਗੜੇ ਅਤੇ ਹੋਰ ਕਈ ਕਾਰਨਾਂ ਕਰ ਕੇ ਤਲਾਕ ਦੇ ਮਾਮਲੇ ਵੱਧ ਰਹੇ ਹਨ। ਅਜਿਹਾ ਹੀ ਮਾਮਲਾ ਹਰਿਆਣਾ ਦੇ ਕਰਨਾਲ ਤੋਂ ਸਾਹਮਣੇ ਆਇਆ ਹੈ, ਜਿੱਥੇ ਇਕ ਬਜੁਰਗ ਜੋੜੇ ਦਾ ਵਿਆਹ 44 ਸਾਲ ਬਾਅਦ ਟੁੱਟ ਗਿਆ। ਪਤੀ ਨੇ ਆਪਣੀ 70 ਸਾਲਾ ਬਜੁਰਗ ਪਤਨੀ ਨੂੰ ਤਲਾਕ ਦੇ ਦਿੱਤਾ। ਪਤੀ ਨੇ ਆਪਣੀ ਪਤਨੀ ਨੂੰ 3 ਕਰੋੜ ਰੁਪਏ ਦਾ ਗੁਜਾਰਾ ਭੱਤਾ ਦਿੱਤਾ। ਦੋਹਾਂ ਦਾ ਮਾਮਲਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਵਿਚੋਲਗੀ ਅਤੇ ਸੁਲਾਹ ਕੇਂਦਰ ਵਿਚ ਸੁਲਝਿਆ। ਤਲਾਕ ਦੇ ਇਸ ਅਨੋਖੇ ਮਾਮਲੇ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਕਰਨਾਲ ਦੇ ਰਹਿਣ ਵਾਲੇ ਇਕ ਬਜੁਰਗ ਜੋੜੇ ਨੇ 44 ਸਾਲ ਬਾਅਦ ਤਲਾਕ ਲੈ ਲਿਆ। ਸ਼ਖਸ ਦੀ ਉਮਰ 69 ਸਾਲ ਅਤੇ ਔਰਤ ਦੀ ਉਮਰ 70 ਸਾਲ ਹੈ। ਦੋਹਾਂ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਵਿਚੋਲਗੀ ਅਤੇ ਸੁਲਾਹ ਕੇਂਦਰ ਦੀ ਮਦਦ ਲਈ। ਪਤੀ ਨੇ ਪਤਨੀ ਨੂੰ 3 ਕਰੋੜ ਦਾ ਸਥਾਈ ਗੁਜਾਰਾ ਭੱਤਾ ਦੇਣ ਦਾ ਸਮਝੌਤਾ ਕੀਤਾ। ਇਸ ਲਈ ਸ਼ਖਸ ਨੇ ਆਪਣੀ ਜਮੀਨ ਅਤੇ ਫਸਲ ਤੱਕ ਵੇਚ ਦਿੱਤੀ। ਦੋਹਾਂ ਦਾ ਵਿਆਹ 27 ਅਗਸਤ 1980 ਨੂੰ ਹਿੰਦੂ ਰੀਤੀ-ਰਿਵਾਜਾਂ ਨਾਲ ਹੋਇਆ ਸੀ। ਵਿਆਹ ਮਗਰੋਂ ਉਨ੍ਹਾਂ ਦੇ ਤਿੰਨ ਬੱਚੇ ਹੋਏ, ਦੋ ਧੀਆਂ ਅਤੇ ਇਕ ਪੁੱਤਰ। 8 ਮਈ 2006 ਤੋਂ ਦੋਵੇਂ ਵੱਖ ਰਹਿਣ ਲੱਗ ਗਏ ਸਨ। ਦੋਹਾਂ ਨੇ ਇਕ-ਦੂਜੇ ਤੋਂ ਵੱਖ ਹੋਣ 'ਤੇ ਸਹਿਮਤੀ ਜਤਾਈ ਸੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 4 ਨਵੰਬਰ 2024 ਨੂੰ ਇਸ ਮਾਮਲੇ ਨੂੰ ਸੁਲਾਹ ਅਤੇ ਸਮਝੌਤੇ ਲਈ ਵਿਚੋਲਗੀ ਕੇਂਦਰ ਵਿਚ ਭੇਜਿਆ। ਵਿਚੋਲਗੀ ਦੌਰਾਨ ਪਤੀ, ਪਤਨੀ ਅਤੇ ਉਨ੍ਹਾਂ ਦੇ ਤਿੰਨ ਬੱਚਿਆਂ ਨੇ 3 ਕਰੋੜ ਦੇ ਭੁਗਤਾਨ 'ਤੇ ਵਿਆਹ ਖਤਮ ਕਰਨ 'ਤੇ ਸਹਿਮਤੀ ਜਤਾਈ। ਪਤੀ ਨੇ ਆਪਣੀ ਖੇਤੀ ਯੋਗ ਜਮੀਨ ਵੇਚ ਕੇ ਪਤਨੀ ਨੂੰ 3 ਕਰੋੜ ਰੁਪਏ ਦਿੱਤੇ। ਕੋਰਟ ਨੇ ਇਹ ਸਪਸ਼ਟ ਕੀਤਾ ਹੈ ਕਿ ਮਰਨ ਮਗਰੋਂ ਜਾਇਦਾਦ 'ਤੇ ਦਾਅਵਾ ਨਹੀਂ ਠੋਕਿਆ ਜਾ ਸਕਦਾ। 3 ਕਰੋੜ ਦੀ ਰਾਸ਼ੀ ਸਥਾਈ ਗੁਜਾਰਾ ਭੱਤਾ ਮੰਨੀ ਜਾਵੇਗੀ। ਇਨ੍ਹਾਂ ਪੈਸਿਆਂ ਤੋਂ ਇਲਾਵਾ ਪਤਨੀ ਅਤੇ ਬੱਚੇ, ਪਤੀ ਜਾਂ ਉਸ ਦੀ ਜਾਇਦਾਦ 'ਤੇ ਕੋਈ ਅਧਿਕਾਰ ਨਹੀਂ ਜਤਾਉਣਗੇ।

## ਕਰੋੜਪਤੀ ਨਿਕਲਿਆ ਰਿਸਵਤਖੋਰ ਇੰਜੀਨੀਅਰ, 4 ਕਰੋੜ ਦੀ ਚੱਲ-ਅਚੱਲ ਜਾਇਦਾਦ ਦਾ ਪਰਦਾਫਾਸ਼

ਕੋਟਾ 19 ਦਸੰਬਰ। ਏ. ਸੀ. ਬੀ. ਦੇ ਅੜਿੱਕੇ ਆਇਆ ਜਨ ਸਿਹਤ ਇੰਜੀਨੀਅਰਿੰਗ ਵਿਭਾਗ ਦਾ ਰਿਸਵਤ ਲੈਣ ਵਾਲਾ ਇੰਜੀਨੀਅਰ ਅਨਿਲ ਕਰੋੜਪਤੀ ਨਿਕਲਿਆ ਹੈ। ਏ. ਸੀ. ਬੀ. ਦੀ ਟੀਮ ਨੇ ਅਨਿਲ ਦੇ ਕੋਟਾ ਸਥਿਤ ਘਰ ਦੀ ਤਲਾਸੀ ਲਈ ਤੇ 9 ਲੱਖ ਰੁਪਏ ਦੀ ਨਕਦੀ ਦੇ ਨਾਲ ਹੀ 4 ਕਰੋੜ ਰੁਪਏ ਦੀ ਚੱਲ-ਅਚੱਲ ਜਾਇਦਾਦ ਦੇ ਦਸਤਾਵੇਜ ਬਰਾਮਦ ਕੀਤੇ। ਕੋਟਾ ਦੇ ਵਧੀਕ ਐੱਸ. ਪੀ. ਵਿਜੇ ਸਵਰਨਕਰ ਨੇ ਦੱਸਿਆ ਕਿ 1 ਕਰੋੜ 87 ਲੱਖ ਤੋਂ ਵੱਧ ਦੀ ਐੱਫ. ਡੀ.ਆਰਜ ਮਿਲੀਆਂ। ਇਕ ਕਰੋੜ



16 ਲੱਖ ਰੁਪਏ ਦੇ ਦੋ ਪਲਾਟਾਂ ਦੇ ਦਸਤਾਵੇਜ ਤੇ ਬੈਂਕ ਖਾਤਿਆਂ 'ਚ ਜਮ੍ਹਾਂ 88 ਲੱਖ 32 ਹਜਾਰ ਰੁਪਏ ਦੇ ਦਸਤਾਵੇਜ ਵੀ ਮਿਲੇ। ਮੁਲਜਮ ਅਨਿਲ ਡੂੰਗਰਪੁਰ ਚ ਜਲ ਸਪਲਾਈ ਵਿਭਾਗ 'ਚ ਸੁਪਰਡੈਂਟ ਇੰਜੀਨੀਅਰ ਵਜੋਂ ਤਾਇਨਾਤ ਸੀ। ਜਲ ਜੀਵਨ ਯੋਜਨਾ ਮਿਸਨ ਅਧੀਨ ਕੀਤੇ ਗਏ ਕੰਮਾਂ ਦੇ ਕਰੀਬ 2 ਕਰੋੜ 50 ਲੱਖ ਰੁਪਏ ਦੇ ਬਕਾਇਆ ਬਿੱਲਾਂ ਦੀ ਅਦਾਇਗੀ ਲਈ ਉਹ ਸਿ਼ਕਾਇਤਕਰਤਾ ਤੋਂ 5 ਲੱਖ ਰੁਪਏ ਰਿਸਵਤ ਮੰਗ ਰਿਹਾ ਸੀ। ਸਿ਼ਕਾਇਤਕਰਤਾ ਦੀ ਸਿ਼ਕਾਇਤ 'ਤੇ ਡੂੰਗਰਪੁਰ ਦੀ ਏ. ਸੀ. ਬੀ. ਦੀ ਟੀਮ ਨੇ 2 ਲੱਖ ਰੁਪਏ ਦੀ ਰਿਸਵਤ ਲੈਣ ਦੇ ਦੋਸ ਹੇਠ ਅਨਿਲ ਨੂੰ ਗ੍ਰਿਫਤਾਰ ਕਰ ਲਿਆ।

# ਪੰਜਾਬ ਦੇ ਇਨ੍ਹਾਂ ਅਧਿਆਪਕਾਂ 'ਤੇ ਹੋਈ ਸਖਤ ਕਾਰਵਾਈ, ਮੁਅੱਤਲ ਕਰਨ ਦੇ ਹੁਕਮ ਜਾਰੀ

ਕਿਸ਼ਨ ਪਾਲ

ਗਿੱਦੜਬਾਹਾ 19 ਦਸੰਬਰ। ਡਿਊਟੀ ਤੋਂ ਕੁਤਾਹੀ ਕਰਨ 'ਤੇ 10 ਅਧਿਆਪਕਾਂ ਨੂੰ ਮੁਅੱਤਲ ਕੀਤਾ ਗਿਆ ਹੈ। ਦਰਅਸਲ ਗਿੱਦੜਬਾਹਾ ਵਿਖੇ ਬਾਕੀ ਰਹਿੰਦੀਆਂ ਗ੍ਰਾਮ ਪੰਚਾਇਤ ਚੋਣਾਂ ਲਈ 15 ਦਸੰਬਰ ਨੂੰ ਚੋਣ ਹੋਈ ਸੀ। ਇਸ ਮੰਤਵ ਲਈ ਮਾਣਯੋਗ ਜਿ਼ਲ੍ਹਾ ਚੋਣਕਾਰ ਅਫਸਰ-ਕਮ-ਡਿਪਟੀ ਕਮਿਸਨਰ ਸ੍ਰੀ ਮੁਕਤਸਰ ਸਾਹਿਬ ਵਲੋਂ ਹੋਏ ਹੁਕਮਾਂ ਰਾਹੀਂ ਨਿਮਨ ਕਰਮਚਾਰੀਆਂ ਦੀ ਡਿਊਟੀ ਬਤੌਰ ਪੋਲਿੰਗ ਸਟਾਫ ਲਾਈ ਗਈ ਸੀ ਪ੍ਰੰਤੂ ਇਨ੍ਹਾਂ ਕਰਮਚਾਰੀਆਂ ਵਲੋਂ ਵਾਰ-ਵਾਰ ਮੌਕਾ ਦੇਣ 'ਤੇ ਵੀ ਡਿਊਟੀ 'ਤੇ ਹਾਜਰ ਨਹੀਂ ਹੋਏ ਜਾਂ ਡਿਊਟੀ ਦਾ ਸਮਾਂ ਪੂਰਾ ਹੋਣ ਤੋਂ ਪਹਿਲਾਂ ਹੀ ਡਿਊਟੀ ਤੋਂ ਬਚਣ ਦੇ ਇਰਾਦੇ ਨਾਲ ਡਿਸਪੈਚ ਸੈਂਟਰ ਛੱਡ ਕੇ ਜਾਣ ਦੀ ਕੋਸਿ਼ਸ ਕੀਤੀ ਗਈ, ਇਨ੍ਹਾਂ ਕਰਮਚਾਰੀਆਂ ਵਲੋਂ ਕੀਤੀ ਗਈ ਇਸ ਘੋਰ ਅਣਗਹਿਲੀ ਕਾਰਨ ਚੋਣਾਂ ਦਾ ਅਤਿ-ਮਹੱਤਵਪੂਰਨ ਕੰਮ ਬੁਰੀ ਤਰਾਂ ਪ੍ਰਭਾਵਿਤ ਹੋਇਆ ਹੈ। ਚੋਣ ਡਿਊਟੀ ਦੌਰਾਨ



ਅਧਿਕਾਰੀ/ਕਰਮਚਾਰੀ ਪੰਜਾਬ ਰਾਜ ਚੋਣ ਕਮਿਸਨ ਐਕਟ 1994 ਦੇ ਸੈਕਸਨ 23 ਦੇ ਤਹਿਤ ਰਾਜ ਚੋਣ ਕਮਿਸਨ ਪਾਸ ਡੈਪੂਟੇਸਨ 'ਤੇ ਹੁੰਦੇ ਹਨ। ਇਸ ਲਈ ਡਿਊਟੀ ਪ੍ਰਤੀ ਲਾਪਰਵਾਹੀ ਨੂੰ ਦੇਖਦੇ ਹੋਏ, ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, ਨਿਮਨ ਕਰਮਚਾਰੀਆਂ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕੀਤਾ ਜਾਂਦਾ ਹੈ। ਜਿਨ੍ਹਾਂ ਵਿਚ ਸਾਗਰ ਗਾਬਾ ਐੱਚ.ਟੀ ਸ. ਪ. ਸਕੂਲ ਵਾਰਡ ਨੰਬਰ 4 ਸ੍ਰੀ ਮੁਕਸਤਰ ਸਾਹਿਬ, ਗਮਦੂਰ ਸਿੰਘ ਜੂ. ਸਹਾਇਕ ਸ. ਸ. ਸ. ਸ. ਸਿੱਖ ਵਾਲਾ, ਜੋਗਿੰਦਰਪਾਲ ਸਿੰਘ ਈ. ਟੀ. ਟੀ ਸ. ਪ. ਸ. (ਕੰ) ਲੱਖੇਵਾਲੀ, ਅਵਤਾਰ ਸਿੰਘ ਈ. ਟੀ. ਟੀ., ਦਿਨੇਸ ਕੁਮਾਰ ਈ. ਟੀ. ਟੀ. ਸ. ਪ. ਸ ਲੱਖੇਵਾਲੀ, ਵਿਕਰਮ ਸਿੰਘ ਈ. ਟੀ. ਟੀ. ਸ. ਪ. ਸ .ਸਿੱਖਵਾਲਾ, ਗੁਰਜਿੰਦਰ ਸਿੰਘ ਲਾਇਬ੍ਰੇਰੀਅਨ ਸ. ਸ. ਸ. ਸ. ਹਾਕੂਵਾਲਾ, ਮਨਜੀਤ ਸਿੰਘ ਸਾਇੰਸ ਮਾਸਟਰ ਸ. ਹ. ਸ. ਨੂਰਪੁਰ ਕ੍ਰਿਪਾਲਕੇ, ਰੁਪਿੰਦਰ ਸਿੰਘ ਇੰਗਲਿਸ ਮਾਸਟਰ ਸ.ਹ.ਸ ਰਣਜੀਤਗੜ੍ਹ ਅਤੇ ਸੁਸੀਲ ਕੁਮਾਰ ਸ.ਸ. ਮਾਸਟਰ ਸ.ਮ.ਸ ਬਸਤੀ ਟਿੱਬੀ ਸਾਹਿਬ ਸ੍ਰੀ ਮੁਕਤਸਰ ਸਾਹਿਬ ਸਾਮਲ ਹਨ।

# ਬਿੱਲ ਪਾਸ ਕਰਨ ਲਈ ਮੰਗੀ ਰਿਸ਼ਵਤ, ਵਿਜੀਲੈਂਸ ਬਿਊਰੋ ਨੇ ਰੰਗੇ ਹੱਥੀਂ ਕੀਤਾ ਕਾਬੂ

ਫਿਰੋਜਪੁਰ 19 ਦਸੰਬਰ। ਸੂਬੇ ਵਿਚ ਭ੍ਰਿਸਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਫਿਰੋਜਪੁਰ ਵਿਖੇ ਤਾਇਨਾਤ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸਨ ਦੇ ਇੰਸਪੈਕਟਰ ਅਮਿਤ ਕੁਮਾਰ ਕੱਕੜ ਨੂੰ 45,000 ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।




ਸਿ਼ਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰ ਕੇ ਦੋਸ ਲਾਇਆ ਹੈ ਕਿ ਉਕਤ ਮੁਲਜ਼ਮ ਖਰੀਦੇ ਗਏ ਝੋਨੇ ਦੀਆਂ ਬੋਰੀਆਂ ਬਾਬਤ ਮਜ਼ਦੂਰੀ ਅਤੇ ਸਿਲਾਈ ਆਦਿ ਖਰਚਿਆਂ ਨਾਲ ਸਬੰਧਤ ਬਿੱਲ ਪਾਸ ਕਰਨ ਲਈ 2 ਰੁਪਏ ਪ੍ਰਤੀ ਬੋਰੀ ਰਿਸਵਤ ਦੀ ਮੰਗ ਕਰ ਰਿਹਾ ਸੀ ਪਰ ਸੌਦਾ 1.30 ਰੁਪਏ ਪ੍ਰਤੀ ਬੋਰੀ 'ਚ ਤੈਅ ਹੋਇਆ, ਜਿਸ ਦੀ ਰਕਮ 45,000 ਰੁਪਏ ਬਣਦੀ ਹੈ। ਇਸ ਸਿ਼ਕਾਇਤ ਦੀ ਮੁੱਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਮੁਲਜ਼ਮ ਇੰਸਪੈਕਟਰ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ 'ਚ ਸਿ਼ਕਾਇਤਕਰਤਾ ਤੋਂ 45,000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕਰ ਲਿਆ ਅਤੇ ਰਿਸਵਤ ਦੀ ਰਕਮ ਵੀ ਬਰਾਮਦ ਕਰ ਲਈ।

# ਮੁੰਬਈ ਏਅਰਪੋਰਟ 'ਤੇ 5.56 ਕਰੋੜ ਰੁਪਏ ਦਾ ਗਾਂਜਾ ਬਰਾਮਦ

ਮੁੰਬਈ 19 ਦਸੰਬਰ। ਕਸਟਮ ਵਿਭਾਗ ਨੇ ਮੁੰਬਈ ਅੰਤਰਰਾਸਟਰੀ ਹਵਾਈ ਅੱਡੇ 'ਤੇ ਇਕ ਯਾਤਰੀ ਦੇ ਸਮਾਨ ਵਿਚ ਖਾਣੇ ਦੇ ਪੈਕੇਟ ਵਿਚ ਲੁਕਾ ਕੇ ਰੱਖੀ ਗਈ 5.56 ਕਰੋੜ ਰੁਪਏ ਦੀ ਕੀਮਤ ਵਾਲੀ 5.56 ਕਿਲੋਗ੍ਰਾਮ 'ਹਾਈਡ੍ਰੋਪੋਨਿਕ ਵੀਡ' (ਗਾਂਜਾ) ਜਬਤ ਕੀਤਾ ਹੈ। ਇਕ ਅਧਿਕਾਰੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਖਾਸ ਖੁਫੀਆ ਸੂਚਨਾ ਦੇ ਆਧਾਰ'ਤੇ ਕਾਰਵਾਈ ਕਰਦੇ ਹੋਏ ਕਸਟਮ ਅਧਿਕਾਰੀਆਂ ਨੇ ਮੰਗਲਵਾਰ ਤੜਕੇ ਛੱਤਰਪਤੀ ਸਿ਼ਵਾਜੀ ਮਹਾਰਾਜ ਅੰਤਰਰਾਸਟਰੀ ਹਵਾਈ ਅੱਡੇ () 'ਤੇ ਇੱਕ ਜਾਲ ਵਿਛਾਇਆ ਅਤੇ ਇੱਕ ਯਾਤਰੀ ਨੂੰ ਰੋਕਿਆ। ਅਧਿਕਾਰੀ ਨੇ ਦੱਸਿਆ ਕਿ ਜਦੋਂ ਯਾਤਰੀ ਦੇ ਬੈਗ ਦੀ ਤਲਾਸੀ ਲਈ ਗਈ ਤਾਂ ਉਸ 'ਚ ਰੱਖੇ ਖਾਣੇ ਦੇ ਪੈਕੇਟ 'ਚੋਂ 5.56 ਕਿਲੋਗ੍ਰਾਮ 'ਹਾਈਡ੍ਰੋਪੋਨਿਕ ਵੀਡ' (ਗਾਂਜਾ) ਮਿਲਿਆ, ਜਿਸ ਦੀ ਕੀਮਤ 5.56 ਕਰੋੜ ਰੁਪਏ ਸੀ। ਉਨ੍ਹਾਂ ਦੱਸਿਆ ਕਿ ਪੁੱਛਗਿੱਛ ਤੋਂ ਬਾਅਦ ਮੁਲਜਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਸ ਖਿ਼ਲਾਫ ਨਾਰਕੋਟਿਕ ਡਰੱਗਜ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ (1985) ਦੀਆਂ ਸਬੰਧਤ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ।

## 1 ਜਨਵਰੀ ਤੋਂ ਬਦਲ ਜਾਵੇਗਾ ਬੈਂਕਾਂ ਦਾ ਸਮਾਂ

ਵੈੱਬ ਡੈਸਕ 19 ਦਸੰਬਰ। ਮੱਧ ਪ੍ਰਦੇਸ 'ਚ ਸਾਰੇ ਰਾਸਟਰੀ ਬੈਂਕਾਂ ਦਾ ਸਮਾਂ ਬਦਲ ਜਾਵੇਗਾ। ਨਵਾਂ ਸਮਾਂ 1 ਜਨਵਰੀ 2025 ਤੋਂ ਲਾਗੂ ਹੋਵੇਗਾ। ਨਿਯਮ ਲਾਗੂ ਹੁੰਦੇ ਹੀ ਰਾਜ ਦੇ ਰਾਸਟਰੀਕ੍ਰਿਤ ਬੈਂਕਾਂ ਵਿਚ ਇਕਸਾਰ ਗਾਹਕ ਸੇਵਾ ਸਮਾਂ ਨਿਸਚਿਤ ਕੀਤਾ ਜਾਵੇਗਾ, ਜਿਸ ਨਾਲ ਗਾਹਕਾਂ ਨੂੰ ਸਹੂਲਤ ਮਿਲੇਗੀ। ਇਸ ਬਦਲਾਅ ਨਾਲ ਬੈਂਕਾਂ ਦੇ ਖੁੱਲ੍ਹਣ ਅਤੇ ਬੰਦ ਹੋਣ ਦਾ ਸਮਾਂ ਤੈਅ ਹੋ ਜਾਵੇਗਾ, ਜਿਸ ਨਾਲ ਬੈਂਕਿੰਗ ਸੇਵਾਵਾਂ ਨੂੰ ਹੋਰ ਸੁਖਾਲਾ ਕੀਤਾ ਜਾਵੇਗਾ। ਤੁਹਾਨੂੰ ਦੱਸ ਦੇਈਏ ਕਿ ਸਮੇਂ ਵਿੱਚ ਬਦਲਾਅ ਦਾ ਪ੍ਰਸਤਾਵ ਰਾਜ ਪੱਧਰੀ ਬੈਂਕਰਜ ਕਮੇਟੀ () ਦੀ ਮੀਟਿੰਗ ਵਿੱਚ ਰੱਖਿਆ ਗਿਆ ਸੀ, ਜੋ ਮੁੱਖ ਸਕੱਤਰ ਅਨੁਰਾਗ ਜੈਨ ਦੇ ਸਾਹਮਣੇ ਰੱਖਿਆ ਗਿਆ ਸੀ। ਮੁੱਖ ਸਕੱਤਰ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਜਿ਼ਲ੍ਹਾ ਪੱਧਰੀ ਸਲਾਹਕਾਰ ਕਮੇਟੀਆਂ ਵੱਲੋਂ ਬੈਂਕਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਮੱਧ ਪ੍ਰਦੇਸ ਦੇ ਸਾਰੇ ਰਾਸਟਰੀਕ੍ਰਿਤ ਬੈਂਕਾਂ ਦੇ ਗਾਹਕ ਸੇਵਾ ਸਮੇਂ 1 ਜਨਵਰੀ, 2025 ਤੋਂ ਬਦਲ ਜਾਣਗੇ। ਮੱਧ ਪ੍ਰਦੇਸ ਦੇ ਸਾਰੇ ਬੈਂਕ ਸਵੇਰੇ 10 ਵਜੇ ਤੋਂ ਸਾਮ 4 ਵਜੇ ਤੱਕ ਖੁੱਲ੍ਹਣਗੇ। ਹਾਲਾਂਕਿ ਕੁਝ ਬੈਂਕਾਂ 'ਚ ਇਸ ਸਮੇਂ 'ਚ ਕੁਝ ਢਿੱਲ ਦਿੱਤੀ ਜਾ ਸਕਦੀ ਹੈ ਪਰ ਜਿ਼ਆਦਾਤਰ ਬੈਂਕਾਂ 'ਚ ਇਹ ਸਮਾਂ ਹੀ ਲਾਗੂ ਰਹੇਗਾ। ਤੁਹਾਨੂੰ ਦੱਸ ਦੇਈਏ ਕਿ ਹੁਣ ਤੱਕ ਬੈਂਕਾਂ ਦਾ ਸਮਾਂ ਵੱਖਰਾ ਸੀ। ਇੱਥੇ ਪਹਿਲਾਂ ਕੁਝ ਬੈਂਕ ਸਵੇਰੇ 10 ਵਜੇ ਤੋਂ ਖੁੱਲ੍ਹਦੇ ਸਨ, ਕੁਝ ਬੈਂਕ ਸਵੇਰੇ 10:30 ਵਜੇ ਅਤੇ ਕੁਝ ਸਵੇਰੇ 11 ਵਜੇ ਤੋਂ ਖੁੱਲ੍ਹਦੇ ਸਨ।

# ਪੰਜਾਬ ਸਰਕਾਰ ਦੇ ਕਾਨੂੰਨਾਂ ਤਹਿਤ ਨਵਾਂਗਾਉਂ ਮਿਊਂਸਪਲ ਕਮੇਟੀ 'ਚ ਬਣੇ ਘਰ ਨਹੀਂ ਡਿੱਗਣ ਦੇਵਾਂਗੇ : ਜੋਸ਼ੀ

ਏਜੰਸੀਆਂ

ਚੰਡੀਗੜ੍ਹ 19 ਦਸੰਬਰ। ਪੰਜਾਬ ਸਰਕਾਰ ਦੇ ਕਾਨੂੰਨਾਂ ਤਹਿਤ ਜਮੀਨ ਖਰੀਦਣ ਲਈ ਰਜਿਸਟਰੀ ਦੇ ਪੈਸੇ ਦਿੱਤੇ, ਨਕਸ਼ੇ ਪਾਸ ਹੋਏ, ਬਿਜਲੀ-ਪਾਣੀ ਦੇ ਕਨੈਕਸਨ ਮਿਲੇ, ਵੋਟਰ ਤੇ ਆਧਾਰ ਕਾਰਡ ਬਣੇ, ਬੈਂਕ ਖਾਤੇ ਖੁਲੇ, ਮਕਾਨ ਬਣਾਉਣ ਲਈ ਹੋਮ ਲੋਨ ਲਏ, ਦੁਕਾਨਾਂ ਲਈ ਜੀਐਸਟੀ ਨੰਬਰ ਲਏ, ਹੋਟਲ ਖੁਲੇ, ਧਾਰਮਿਕ ਸਥਾਨ ਬਣੇ, ਪਰ ਹੁਣ ਪੰਜਾਬ ਸਰਕਾਰ ਦਾ ਪੰਜਾਬ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਤਿੰਨ ਕਿਲੋਮੀਟਰ ਤੱਕ ਸੁਖਨਾ ਈਕੋ ਸੈਂਸਿਟਿਵ ਜੋਨ (ਈ.ਐੱਸ.ਜੈੱਡ) ਦੇ ਕਾਲੇ ਕਾਨੂੰਨ ਦਾ ਮਤਾ ਰੱਖ ਕੇ ਇਹ ਸਭ ਕੁਝ ਢਾਹੁਣ ਦੀ ਤਲਵਾਰ ਲਟਕਾ ਰਿਹਾ ਹੈ, ਇਹ ਗੱਲ ਨਵਾਂਗਾਉਂ ਘਰ ਬਚਾਓ ਮੰਚ ਦੇ ਚੇਅਰਮੈਨ ਤੇ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਵਿਨੀਤ ਜੋਸ਼ੀ ਨੇ ਕਹੀ। ਜੋਸ਼ੀ ਨੇ ਕਿਹਾ ਕਿ ਲੋਕਾਂ ਦੁਆਰਾ ਚੁਣੀ ਗਈ ਸਰਕਾਰ ਜਿ਼ੰਦਗੀ ਨੂੰ ਬਿਹਤਰ ਬਣਾਉਣ ਲਈ ਹੁੰਦੀ ਹੈ, ਬਰਬਾਦ ਕਰਨ ਲਈ ਨਹੀਂ। ਉਨ੍ਹਾਂ ਨੇ ਵਾਅਦਾ ਕੀਤਾ ਕਿ ਜੇ ਲੋਕ ਸਾਥ ਦੇਣਗੇ ਤਾਂ ਤਿੰਨ ਕਿਲੋਮੀਟਰ ਤਾਂ ਦੂਰ, 100 ਮੀਟਰ ਵੀ ਸੁਖਨਾ ਈ.ਐੱਸ.ਜੈੱਡ ਨਹੀਂ ਬਣਨ ਦੇਵਾਂਗੇ। ਜੋਸ਼ੀ ਨੇ ਦੱਸਿਆ ਕਿ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਆਪਣੇ 10 ਸਾਲ ਪੁਰਾਣੇ ਫੈਸਲੇ ਤੋਂ ਹਟਕੇ ਹੁਣ 3 ਕਿਲੋਮੀਟਰ ਤੱਕ ਸੁਖਨਾ ਈ.ਐੱਸ.ਜੈੱਡ ਬਣਾਉਣ ਦਾ ਮਤਾ ਲਿਆ ਰਹੀ ਹੈ। ਦੇਹਰਾਦੂਨ ਦੇ ਭਾਰਤੀ ਵਨਜੀਵ ਸੰਸਥਾਨ ਦੀ ਰਿਪੋਰਟ ਜਿਸਨੂੰ ਸੁਪਰੀਮ ਕੋਰਟ ਭੀ ਮਾਨਤਾ ਦੇਂਦਾ ਹੈ, ਦੱਸਦੀ ਹੈ




ਕਿ ਸੁਖਨਾ ਵਾਈਲਡਲਾਈਫ ਸੈਂਕਚੁਰੀ 'ਸ਼੍ਰੇਣੀ ਡੀ' ਵਿੱਚ ਆਉਂਦੀ ਹੈ। ਇਸ ਲਈ 100 ਮੀਟਰ ਦਾ ਈ.ਐੱਸ.ਜੈੱਡ ਕਾਫੀ ਹੈ। ਫਿਰ ਕਿਉਂ ਪੰਜਾਬ ਸਰਕਾਰ ਦਾ ਵਨ ਵਿਭਾਗ ਇਸ ਤੋਂ ਵੱਧ ਜਾਣ ਦੀ ਕੋਸਿ਼ਸ ਕਰ ਰਿਹਾ ਹੈ? ਜੋਸ਼ੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਕਾਲੇ ਕਾਨੂੰਨ ਦੇ ਵਿਰੋਧ ਵਿੱਚ ਆਪਣੀਆਂ ਆਪਤੀਆਂ ਭੇਜਣ। ਨਵਾਂਗਾਉਂ ਘਰ ਬਚਾਓ ਮੰਚ ਇਸ ਵਿੱਚ ਸਹਾਇਤਾ ਲਈ ਅਭਿਆਨ ਚਲਾਏਗਾ। ਜਨ ਜਾਗਰਣ ਵਿੱਚ ਸਾਮਲ ਹੋਣ ਵਾਲੀਆਂ ਪ੍ਰਮੁੱਖ ਸਖਸੀਅਤਾਂ ਵਿੱਚ ਨਵਾਂਗਾਉਂ ਨਗਰ ਕੌਂਸਲ ਦੇ ਭਾਜਪਾ ਤੋਂ ਕੌਂਸਲਰ ਸੁਰਿੰਦਰ ਬੱਬਲ, ਵਿਨੋਦ ਬੰਦੋਲੀਆਅਤੇ ਪ੍ਰਮੋਦ ਕੁਮਾਰ, ਸਮਾਜ ਸੇਵੀ ਅਤੇ ਸਾਬਕਾ ਕੌਂਸਲਰ ਦੀਪ ਢਿੱਲੋਂ, ਭਾਜਪਾ ਮੁਹਾਲੀ ਦੇ ਜਿ਼ਲ੍ਹਾ ਸਕੱਤਰ ਭੁਪਿੰਦਰ ਭੂਪੀ, ਭਾਜਪਾ ਮੰਡਲ ਪ੍ਰਧਾਨ ਜੋਗਿੰਦਰ ਪਾਲ ਗੁੱਜਰ ਅਤੇ ਮੰਡਲ ਦੇ ਜਨਰਲ ਸੰਜੇ ਗੁਪਤਾ, ਸਦਾ ਸਿ਼ਵ ਮੰਦਰ ਕਮੇਟੀ ਨਵਾਂ ਗਾਓਂ ਦੇ ਪ੍ਰਧਾਨ ਰਾਜ ਕੁਮਾਰ ਫੌਜੀ, ਨਯਾਗਾਓਂ ਮਾਰਕੀਟ ਐਸੋਸੀਏਸਨ ਦੇ ਸਾਬਕਾ ਪ੍ਰਧਾਨ ਰਾਜੇਸ ਬਾਂਸਲ, ਮਿਥਲਾਂਚਲ ਛਠ ਪੂਜਾ ਕਮੇਟੀ ਨਿਆਗਾਓਂ ਦੇ ਪ੍ਰਧਾਨ ਗਿਆਨ ਚੰਦ ਭੰਡਾਰੀ ਅਤੇ ਜਨਰਲ ਸਕੱਤਰ ਕਾਮੇਸਵਰ ਸਾਹ, ਮਿਥਲਾਂਚਲ ਵਿਕਾਸ ਸਭਾ ਦੇ ਫੂਲ ਚੰਦ ਮੰਡਲ ਟ੍ਰਾਈਸਿਟੀ, ਆਟੋ ਯੂਨੀਅਨ ਤੋਂ ਪ੍ਰਭ ਮੁਖੀਆ ਸਿੰਘਾ ਦੇਵੀ, ਮਜਦੂਰ ਸੈਨਾ ਦੇ ਜਨਰਲ ਸਕੱਤਰ ਮਦਨ ਮੰਡਲ, ਗਊ ਸੇਵਾ ਪ੍ਰਧਾਨ ਨਵਾਂਗਾਉਂ ਸੁਸੀਲ ਰੋਹੀਲਾ ਆਦਿ ਸਾਮਲ ਸਨ।

# 3 ਸਾਲ ਤੋਂ ਅਫਸਰ ਕਰ ਰਹੇ ਸਨ ਨਗਰ ਨਿਗਮ 'ਤੇ ਰਾਜ, ਹੁਣ ਜਨਤਾ ਦੇ 85 ਪ੍ਰਤੀਨਿਧੀ ਚੁਣ ਕੇ ਕਰਨਗੇ ਲੋਕਾਂ ਦੀ ਸੁਣਵਾਈ

ਏਜੰਸੀਆਂ

ਜਲੰਧਰ 19 ਦਸੰਬਰ। ਨਗਰ ਨਿਗਮ ਜਲੰਧਰ ਦੇ ਕੌਂਸਲਰ ਹਾਊਸ ਦੀ ਮਿਆਦ 24 ਜਨਵਰੀ 2023 ਨੂੰ ਖਤਮ ਹੋ ਗਈ ਸੀ ਅਤੇ ਹੁਣ ਅਗਲਾ ਕੌਂਸਲਰ ਹਾਊਸ ਜਨਵਰੀ 2025 ਵਿਚ ਬਣਨ ਜਾ ਰਿਹਾ ਹੈ। ਭਾਵੇਂ ਨਿਗਮ ਚੋਣਾਂ 2 ਸਾਲ ਦੀ ਦੇਰੀ ਨਾਲ ਹੋ ਰਹੀਆਂ ਹਨ ਪਰ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਣਿਆਂ 3 ਸਾਲ ਹੋਣ ਵਾਲੇ ਹਨ। ਅਜਿਹੇ ਵਿਚ ਵੇਖਿਆ ਜਾਵੇ ਤਾਂ 3 ਸਾਲਾਂ ਤੋਂ ਹੀ ਜਲੰਧਰ ਨਿਗਮ 'ਤੇ ਅਫਸਰਾਂ ਦਾ ਰਾਜ ਰਿਹਾ, ਜਿਸ ਦੌਰਾਨ ਇਕ ਸਮਾਂ ਤਾਂ ਅਜਿਹਾ ਵੀ ਆਇਆ, ਜਦੋਂ ਨਿਗਮ ਵਿਚ ਲੋਕਾਂ ਦੀ ਸੁਣਵਾਈ ਬਿਲਕੁਲ ਹੀ ਬੰਦ ਹੋ ਗਈ ਸੀ। ਹੁਣ ਜਲਦ ਜਨਤਾ ਦੇ 85 ਪ੍ਰਤੀਨਿਧੀ ਚੁਣ ਕੇ ਆ ਰਹੇ ਹਨ ਅਤੇ ਮੰਨਿਆ ਜਾ ਰਿਹਾ ਹੈ ਕਿ ਜਲਦ ਜਲੰਧਰ ਨਿਗਮ ਵਿਚ ਲੋਕਾਂ ਦੀ ਸੁਣਵਾਈ ਦੁਬਾਰਾ ਸ਼ੁਰੂ ਹੋਵੇਗੀ। ਪਿਛਲੇ ਲਗਾਤਾਰ 2 ਸਾਲਾਂ ਤੋਂ ਸ਼ਹਿਰ ਦੇ ਸਾਰੇ ਵਾਰਡਾਂ ਵਿਚ ਕੌਂਸਲਰ ਹੀ ਆਪਣੇ-ਆਪਣੇ ਵਾਰਡਾਂ ਦੀ ਸਫਾਈ ਦਾ ਧਿਆਨ ਰੱਖਦੇ ਸਨ ਪਰ ਕੋਈ ਕੌਂਸਲਰ ਨਾ ਹੋਣ ਕਾਰਨ ਸ਼ਹਿਰ ਦੀ ਸਫਾਈ ਵਿਵਸਥਾ ਚਰਮਰਾਉਣ ਲੱਗੀ ਸੀ। ਸ਼ਹਿਰ ਵਿਚ ਹਰ ਡੰਪ 'ਤੇ ਕੂੜੇ ਦੇ ਢੇਰ ਲੱਗੇ ਰਹਿੰਦੇ ਸਨ, ਜਿਸ ਕਾਰਨ ਲੋਕ ਕਾਫੀ ਪ੍ਰੇਸ਼ਾਨ ਰਹੇ। ਪਿਛਲੇ 2 ਸਾਲਾਂ ਦੌਰਾਨ ਆਈ ਸਵੱਛਤਾ ਰੈਂਕਿੰਗ ਨੇ ਨਿਗਮ ਦੇ ਅਫਸਰਾਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ। ਹੁਣ ਭਾਵੇਂ ਨਿਗਮ ਚੋਣਾਂ ਕਾਰਨ ਨਿਗਮ ਦੀ ਅਫਸਰਸ਼ਾਹੀ ਨੇ ਫੀਲਡ ਵਿਚ ਨਿਕਲ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ




ਅਤੇ ਸਾਫ-ਸਫਾਈ ਵੀ ਕੀਤੀ ਜਾ ਰਹੀ ਹੈ ਤੇ ਆਉਣ ਵਾਲੇ ਦਿਨਾਂ ਵਿਚ ਇਹ ਕੰਮ ਮੇਅਰ ਅਤੇ ਕੌਂਸਲਰਾਂ ਦੀ ਦੇਖ-ਰੇਖ ਵਿਚ ਹੋਇਆ ਕਰਨਗੇ। ਜਦੋਂ ਕੌਂਸਲਰ ਹਾਊਸ ਹੁੰਦਾ ਸੀ, ਉਦੋਂ ਅਫਸਰਾਂ ਦੀ ਕੋਈ ਨਾ ਕੋਈ ਜਵਾਬਦੇਹੀ ਹੁੰਦੀ ਸੀ। ਹਾਊਸ ਵਿਚ ਅਫਸਰਾਂ ਦੀ ਕਲਾਸ ਲੱਗਦੀ ਹੁੰਦੀ ਸੀ। ਸਰਕਾਰ ਤਕ ਵੀ ਉਨ੍ਹਾਂ ਦੀ ਸ਼ਿਕਾਇਤ ਲੱਗਦੀ ਸੀ ਪਰ ਪਿਛਲੇ 2-3 ਸਾਲਾਂ ਤੋਂ ਸਾਰੇ ਕੰਮ ਨਿਗਮ ਕਰਮਚਾਰੀਆਂ ਅਤੇ ਅਧਿਕਾਰੀਆਂ ਦੇ ਹਵਾਲੇ ਰਹੇ ਅਤੇ ਕਿਸੇ ਦੀ ਕੋਈ ਜਵਾਬਦੇਹੀ ਤੈਅ ਨਹੀਂ ਹੋਈ। ਪਿਛਲੇ 2 ਸਾਲ ਲੋਕ ਉਨ੍ਹਾਂ ਆਗੂਆਂ ਤੋਂ ਵਾਂਝੇ ਰਹੇ, ਜੋ ਵਧੇਰੇ ਮਾਮਲਿਆਂ ਵਿਚ ਆਪਣੇ-ਆਪਣੇ ਵਾਰਡਾਂ ਦਾ ਖਿਆਲ ਰੱਖਦੇ ਸਨ। ਭਾਵੇਂ ਕਈ ਵਾਰਡਾਂ ਵਿਚ ਸਾਬਕਾ ਕੌਂਸਲਰ ਬਣਨ ਦੇ ਇੱਛੁਕ ਕੁਝ ਆਗੂ ਆਪਣੇ-ਆਪਣੇ ਵਾਰਡ ਵਿਚ ਸਰਗਰਮ ਰਹੇ ਪਰ ਫਿਰ ਵੀ ਲੋਕਾਂ ਨੂੰ ਚੁਣੇ ਜਨ-ਪ੍ਰਤੀਨਿਧੀਆਂ ਦੀ ਘਾਟ ਰੜਕਦੀ ਰਹੀ। ਸਵੱਛ ਭਾਰਤ ਮਿਸ਼ਨ ਤੋਂ ਕਰੋੜਾਂ ਰੁਪਏ ਦੀ ਗ੍ਰਾਂਟ ਆਉਣ ਦੇ ਬਾਵਜੂਦ ਸ਼ਹਿਰ ਦੇ ਕੂੜੇ ਅਤੇ ਸਫਾਈ ਵਿਵਸਥਾ ਸੁਧਰਨ ਦਾ ਨਾਂ ਨਹੀਂ ਲੈ ਰਹੀ, ਸਗੋਂ ਇਹ ਹੋਰ ਵਿਗੜਦੀ ਚਲੀ ਜਾ ਰਹੀ ਹੈ। ਪਿਛਲੇ ਕੁਝ ਸਾਲਾਂ ਤੋਂ ਐੱਨ. ਜੀ. ਟੀ. ਅਤੇ ਪ੍ਰਦੂਸ਼ਣ ਕੰਟਰੋਲ ਵਿਭਾਗ ਸ਼ਹਿਰ ਦੀ ਸਫਾਈ ਨੂੰ ਲੈ ਕੇ ਨਿਗਮ ਤੋਂ ਕਾਫੀ ਖਫਾ ਹਨ ਅਤੇ ਐੱਨ. ਜੀ. ਟੀ. ਨੇ ਨਿਗਮ ਨੂੰ ਅਲਟੀਮੇਟਮ ਤਕ ਦਿੱਤਾ ਹੋਇਆ ਹੈ। ਨਿਗਮ ਤੋਂ ਵਰਿਆਣਾ ਡੰਪ ਦੀ ਸਮੱਸਿਆ ਦਾ ਵੀ ਕੋਈ ਹੱਲ ਨਹੀਂ ਹੋ ਸਕਿਆ। ਉਥੇ ਕੂੜੇ ਨੂੰ ਮੈਨੇਜ ਕਰਨ ਲਈ ਬਾਇਓ-ਮਾਈਨਿੰਗ ਪਲਾਂਟ ਵੀ ਨਹੀਂ ਲੱਗ ਸਕਿਆ। ਤਾਜਾ ਨਿਕਲ ਰਹੇ ਕੂੜੇ ਨੂੰ ਵੀ ਇਧਰ-ਉਧਰ ਡੰਪ ਹੀ ਕੀਤਾ ਜਾ ਰਿਹਾ ਹੈ। ਐੱਲ. ਈ. ਡੀ. ਸਟਰੀਟ ਲਾਈਟ ਪ੍ਰਾਜੈਕਟ 'ਤੇ 60 ਕਰੋੜ ਖਰਚ ਕੀਤੇ ਜਾ ਚੁੱਕੇ ਹਨ ਪਰ ਇਸ ਨਾਲ ਵੀ ਸ਼ਹਿਰ ਦੀ ਸਟਰੀਟ ਲਾਈਟ ਵਿਵਸਥਾ ਨਹੀਂ ਸੁਧਰ ਸਕੀ। ਨਿਗਮ ਸ਼ਹਿਰ ਦੇ ਡਾਰਕ ਪੁਆਇੰਟ ਵੀ ਦੂਰ ਨਹੀਂ ਕਰ ਸਕਿਆ। ਇਸ ਤੋਂ ਇਲਾਵਾ ਬਿਲਡਿੰਗ ਬ੍ਰਾਂਚ ਅਤੇ ਸ਼ਿਕਾਇਤ ਸੈੱਲ ਵਿਚ ਵੀ ਲੋਕਾਂ ਦੀ ਸੁਣਵਾਈ ਨਹੀਂ ਹੋਈ। ਚੁਣੇ ਹੋਏ ਜਨ-ਪ੍ਰਤੀਨਿਧੀ ਨਾ ਹੋਣ ਕਾਰਨ ਪਿਛਲੇ 2-3 ਸਾਲ ਜਲੰਧਰ ਨਗਰ ਨਿਗਮ ਵਿਚ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੋਈ। ਅਜਿਹੇ ਵਿਚ ਵੱਖ-ਵੱਖ ਸਹੂਲਤਾਂ ਨਾ ਮਿਲਣ ਤੋਂ ਪ੍ਰੇਸ਼ਾਨ ਲੋਕ ਰੋਜ-ਰੋਜ ਨਿਗਮ ਆ ਕੇ ਰੋਸ ਪ੍ਰਦਰਸ਼ਨ ਕਰਦੇ ਰਹੇ। ਵਧੇਰੇ ਗਿਣਤੀ ਉਨ੍ਹਾਂ ਲੋਕਾਂ ਦੀ ਹੁੰਦੀ ਸੀ, ਜਿਨ੍ਹਾਂ ਦੇ ਮੁਹੱਲੇ ਵਿਚ ਸੀਵਰੇਜ ਜਾਮ ਹੁੰਦਾ ਹੈ। ਕਈ ਵਾਰਡਾਂ ਵਿਚ ਗੰਦਾ ਪਾਣੀ ਸਪਲਾਈ ਹੁੰਦਾ ਰਿਹਾ ਪਰ ਇਸ ਸਬੰਧੀ ਫਾਲਟ ਵੀ ਕਈ ਦਿਨ ਤਕ ਦੂਰ ਨਹੀਂ ਕੀਤੇ ਗਏ। ਸ਼ਹਿਰ ਦੇ ਕਈ ਇਲਾਕੇ ਪੀਣ ਵਾਲੇ ਪਾਣੀ ਦੀ ਗੰਭੀਰ ਸਮੱਸਿਆ ਦਾ ਸਾਹਮਣਾ ਕਰਦੇ ਰਹੇ ਅਤੇ ਹਰ ਰੋਜ ਕੋਈ ਨਾ ਕੋਈ ਟਿਊਬਵੈੱਲ ਖਰਾਬ ਹੋ ਹੀ ਜਾਂਦਾ, ਜਿਸ ਨੂੰ ਠੀਕ ਕਰਵਾਉਣ ਲਈ ਲੋਕਾਂ ਨੂੰ ਕਾਫੀ ਮਿਹਨਤ ਕਰਨੀ ਪੈਂਦੀ ਸੀ। ਸ਼ਹਿਰ ਦੀ ਸਾਫ-ਸਫਾਈ ਸਬੰਧੀ ਵਿਵਸਥਾ ਨੂੰ ਲੈ ਕੇ ਵੀ ਲੋਕ ਪ੍ਰਦਰਸ਼ਨ ਕਰਦੇ ਰਹੇ। ਹੁਣ ਚੁਣੇ ਪ੍ਰਤੀਨਿਧੀ ਆਉਣ ਨਾਲ ਲੋਕਾਂ ਦੀ ਸੁਣਵਾਈ ਦੋਬਾਰਾ ਸ਼ੁਰੂ ਹੋਣ ਦੀਆਂ ਸੰਭਾਵਨਾਵਾਂ ਬਣ ਰਹੀਆਂ ਹਨ।